18-OCT-PAGE-1.qxd add front page.qxd 10/17/2023 10:39 PM Page 1

ਬੁੱਧਵਾਰ, 18 ਅਕਤੂਬਰ, 2023
2 ਕੱਤਕ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 138

ਨਵਾਂ ਜ਼ਮਾਨਾ

DAILY NAWAN ZAMANA • WEDNESDAY, 18 OCTOBER, 2023 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

nawan zamana TV

DRIVE AGAINST DRUGS
THE Hope INITIATIVE
OCT - NOV
PRAY • PLEDGE • PLAY
AMRITSAR 2023

ਪੰਜਾਬ ਸਰਕਾਰ
ਦਾ ਨਿਮਾਣਾ ਉਪਰਾਲਾ

PRAY
ਸਰਬੱਤ ਦਾ ਭਲਾ

ਨਸ਼ਾ-ਮੁਕਤ ਪੰਜਾਬ
ਲਈ ਸੰਗਤੀ ਰਪ ਵਿੱਚ
ਅਰਦਾਸ
ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ
18 ਅਕਤੂਬਰ, 2023 | ਸਵੇਰੇ 11:00 ਵਜੇ

ਮੁੱਖ ਮੰਤਰੀ
ਭਗਵੰਤ ਸਿੰਘ ਮਾਨ
ਨਾਲ ਮਿਲਕੇ
ਅਰਦਾਸ
ਵਿੱਚ ਸ਼ਾਮਿਲ ਹੋਈਏ

ਵਰਚੂਅਲ ਤੌਰ ਉੱਤੇ ਅਰਦਾਸ ਵਿੱਚ ਸ਼ਾਮਿਲ ਹੋਣ ਲਈ QR ਕੋਡ ਸਕੈਨ ਕਰੋ

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ
hopeamritsar.com @hopeamritsar

18-OCT-PAGE-1.qxd 10/17/2023 10:33 PM Page 2

ਵੇਰਕਾ ਮਿਲਕ ਬਾਰ ਦਾ ਉਦਘਾਟਨ ਕੀਤਾ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਦਾਣਾ ਮੰਡੀ ਵਿਖੇ ਵੇਰਕਾ ਦੇ ਉਤਪਾਦਾਂ ਦੀ ਦੁਕਾਨ ਵੇਰਕਾ ਮਿਲਕ ਬਾਰ ਦਾ ਉਦਘਾਟਨ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਅਜੀਤ ਉਪ ਦਫ਼ਤਰ ਸੰਗਰੂਰ ਦੇ ਇੰਚਾਰਜ ਸੁਖਵਿੰਦਰ ਸਿੰਘ ਫੁੱਲ ਤੇ ਵੇਰਕਾ ਦੇ ਜਰਨਲ ਮੈਨੇਜਰ ਸੁਰਜੀਤ ਸਿੰਘ ਭਦੌੜ ਸਾਂਝੇ ਤੌਰ 'ਤੇ ਕੀਤਾ ਗਿਆ। ਮੇਜ਼ਬਾਨ ਤਰਨਵੀਰ ਸਿੰਘ ਤੇ ਸ਼ੇਰ ਸਿੰਘ ਖੰਨਾ ਦੀ ਅਗਵਾਈ ਹੇਠ ਕਰਾਏ ਗਏ। ਸਮਾਗਮ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਇੰਚਾਰਜ ਰਾਜਿੰਦਰ ਦੀਪਾ, ਨਗਰ ਕੌਂਸਲ ਦੇ ਪ੍ਰਧਾਨ ਪਰਮਿੰਦਰ ਕੌਰ ਬਰਾੜ, ਮੈਡਮ ਨਵਦੀਪ ਕੌਰ, ਬੀਬੀ ਜਸਵੰਤ ਕੌਰ, ਪਾਰੁਲ ਸਰਮਾ, ਡਾ. ਮਨੀਸ਼ ਵਸ਼ਿਸ਼ਟ ਹਰੀਹਰ ਹਸਪਤਾਲ, ਇੰਸਪੈਕਟਰ ਹਰਪ੍ਰੀਤ ਕੌਰ ਮੋਹਾਲੀ, ਕੌਂਸਲਰ ਗੁਰਮੀਤ ਸਿੰਘ ਲੱਲੀ ਤੇ ਮਾਰਕੀਟ ਕਮੇਟੀ ਦੇ ਸਕੱਤਰ ਜਸਵੀਰ ਸਿੰਘ ਸਮਾਉਂ ਨੇ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਮੂਲੀਅਤ ਕੀਤੀ। ਇਸ ਮੌਕੇ ਗੁਰਦੁਆਰਾ ਭਾਈ ਮਨੀ ਸਿੰਘ ਦੇ ਮੁੱਖ ਗ੍ਰੰਥੀ ਸਤਿਗੁਰ ਸਿੰਘ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਤੇ ਬਾਬਾ ਕੁਲਵੰਤ ਸਿੰਘ ਕਾਂਤੀ ਵੱਲੋਂ ਰਸਭਿੰਨਾ ਸ਼ਬਦ ਕੀਰਤਨ ਕੀਤਾ ਗਿਆ। ਸਮਾਗਮ ਨੂੰ ਸੰਬੋਧਨ ਕਰਦਿਆਂ ਭਾਈ ਲੌਂਗੋਵਾਲ ਨੇ ਕਿਹਾ ਕਿ ਵੇਰਕਾ ਦੇ ਸ਼ੁੱਧ ਉਤਪਾਦਾਂ ਦੀ ਇਸ ਇਲਾਕੇ ਨੂੰ ਭਾਰੀ ਲੋੜ ਇਸ ਦੁਕਾਨ ਦੇ ਖੁੱਲ੍ਹਣ ਨਾਲ ਲੋਕਾਂ ਨੂੰ ਦੂਰ ਦੁਰੇਡੇ ਨਹੀਂ ਜਾਣਾ ਪਵੇਗਾ। ਵੇਰਕਾ ਦੇ ਜੀ.ਐਮ. ਸੁਰਜੀਤ ਸਿੰਘ ਭਦੌੜ ਨੇ ਹਰ ਸੰਭਵ ਮਦਦ ਦੇਣ ਦਾ ਭਰੋਸਾ ਦਿੱਤਾ।

ਗੁਰਚਰਨ ਕੌਰ ਥਿੰਦ ਦੀਆਂ ਕਿਤਾਬਾਂ 'ਸੂਲਾਂ' ਤੇ 'ਸਮਾਜ ਤੇ ਸੱਭਿਆਚਾਰ ਦੀ ਗਾਥਾ' ਲੋਕ ਅਰਪਣ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਕੈਲਗਰੀ ਲੇਖਕ ਸਭਾ ਵੱਲੋਂ ਕੈਲਗਰੀ ਵਿੱਚ ਸਾਹਿਤਕ ਸਮਾਗਮ ਕਰਾਇਆ ਗਿਆ, ਜਿਸ ਦੌਰਾਨ ਉੱਘੀ ਲੇਖਕਾ ਗੁਰਚਰਨ ਕੌਰ ਥਿੰਦ ਦੀਆਂ ਦੋ ਕਿਤਾਬਾਂ ਸੂਲਾਂ (ਕਹਾਣੀ ਸੰਗ੍ਰਹਿ) ਤੇ ਸਮਾਜ ਤੇ ਸੱਭਿਆਚਾਰ ਦੀ ਗਾਥਾ (ਲੇਖ ਸੰਗ੍ਰਹਿ) ਲੋਕ ਅਰਪਣ ਕੀਤੀਆਂ ਗਈਆਂ। ਸਮਾਗਮ ਵਿੱਚ ਸਰੀ ਤੋਂ ਆਏ ਲੇਖਕ ਜਗਜੀਤ ਸੰਧੂ ਦੇ ਕਾਵਿ ਸੰਗ੍ਰਹਿ ਤਾਪਸੀ ਉੱਪਰ ਚਰਚਾ ਕੀਤੀ ਗਈ। ਇਹ ਸਾਹਿਤਕ ਸਮਾਗਮ ਪੰਜਾਬੀ ਲਿਖਾਰੀ ਸਭਾ ਦੇ ਸਹਿਯੋਗ ਨਾਲ ਕਰਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਜਸਵੀਰ ਸਿੰਘ ਸਹੋਤਾ, ਸੇਵਾਮੁਕਤ ਪ੍ਰਿੰਸੀਪਲ ਕ੍ਰਿਸ਼ਨ ਸਿੰਘ ਲੁਧਿਆਣਾ ਤੇ ਜਗਜੀਤ ਸੰਧੂ ਨੇ ਕੀਤੀ। ਪ੍ਰਿੰਸੀਪਲ ਕ੍ਰਿਸ਼ਨ ਸਿੰਘ ਨੇ ਸੂਲਾਂ ਕਹਾਣੀ ਸੰਗ੍ਰਹਿ ਉੱਪਰ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਗੁਰਚਰਨ ਕੌਰ ਥਿੰਦ ਪੰਜਾਬ ਦੀ ਧਰਤੀ ਤੱਕ ਹੀ ਸੀਮਤ ਨਹੀਂ ਰਹੇ, ਸਗੋਂ ਵਿਦੇਸ਼ ਵਿੱਚ ਆ ਕੇ ਵੀ ਨਾਰੀ ਚੇਤਨਾ ਦੇ ਵਿਭਿੰਨ ਪਾਸਾਰਾਂ ਨੂੰ ਆਧੁਨਿਕ ਪ੍ਰਸੰਗ ਵਿੱਚ ਵਿਚਾਰਨ ਦਾ ਬੀੜਾ ਚੁੱਕਿਆ ਹੋਇਆ ਹੈ। ਦੂਜੀ ਕਿਤਾਬ ਸਮਾਜ ਦੀ ਗਾਥਾ ਉੱਪਰ ਹਰੀਪਾਲ ਨੇ ਪਰਚਾ ਪੜ੍ਹਿਆ।

ਲਕਸ਼ੇ ਗਰਗ ਨੂੰ ਦਿੱਤੀ ਨਿੱਘੀ ਸ਼ਰਧਾਂਜਲੀ

ਬਾਘਾ ਪੁਰਾਣਾ (ਮਨੀ ਸਿੰਗਲਾ)-ਲਾਰੈਂਸ਼ ਇੰਟਰਨੈਸ਼ਨਲ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦੇ ਸੰਸਥਾਪਕ ਸਵ. ਲਕਸ਼ੈ ਗਰਗ ਦੀ ਬਰਸੀ ਮੌਕੇ ਉਨ੍ਹਾਂ ਨੂੰ ਨਿੱਘੀ ਸ਼ਰਧਾਜ਼ਲੀ ਦਿੱਤੀ। ਵਿਦਿਆਰਥੀਆਂ ਤੇ ਸਕੂਲ ਦੇ ਸਟਾਫ਼ ਵੱਲੋਂ ਉਨ੍ਹਾਂ ਨੂੰ ਭਰੇ ਮਨ ਨਾਲ ਯਾਦ ਕੀਤਾ ਗਿਆ ਅਤੇ ਮੋਨ ਰੱਖਿਆ ਗਿਆ। ਚੇਅਰਮੈਨ ਤਰਸੇਮ ਲਾਲ ਗਰਗ ਨੇ ਅਪਣੇ ਪੁੱਤਰ ਲਕਸ਼ੈ ਗਰਗ ਦੇ ਜੀਵਨ ਅਤੇ ਵਿੱਦਿਆ ਬਾਰੇ ਚਾਨਣ ਪਾਇਆ। ਸਕੂਲ ਦੇ ਪ੍ਰਿੰਸੀਪਲ ਮੈਡਮ ਜ਼ੀਨਮ ਗਰਗ ਨੇ ਉਨ੍ਹਾਂ ਨੂੰ ਯਾਦ ਕਰਦੇ ਹੋਏ ਦੱਸਿਆ ਕਿ ਉਨ੍ਹਾਂ ਨੇ ਕਿਸ ਤਰ੍ਹਾਂ ਮਿਹਨਤ ਕਰਕੇ ਇਲਾਕੇ ਵਿਚ ਵਿੱਦਿਅਕ ਸੰਸਥਾ ਦੀ ਸਥਾਪਨਾ ਕੀਤੀ ਤੇ ਇਸ ਨੂੰ ਸਿਖਰਾਂ 'ਤੇ ਪੁਚਾਇਆ। ਮਨੋਜ ਕੁਮਾਰ ਨੇ ਕਿਹਾ ਸ੍ਰੀ ਲਕਸ਼ੈ ਗਰਗ ਦੀ ਮਿਹਨਤ ਸਦਕਾ ਹੀ ਇਲਾਕੇ ਵਿਚ ਵਿੱਦਿਆ ਦਾ ਚਾਨਣ ਹੋ ਰਿਹਾ ਹੈ। ਉਨ੍ਹਾਂ ਦੇ ਵਿਦਿਆਰਥੀ ਅੱਜ ਵੀ ਉਨ੍ਹਾਂ ਨੂੰ ਯਾਦ ਕਰਦੇ ਹਨ। ਸ੍ਰੀ ਲਕਸ਼ੈ ਗਰਗ ਦੁਨੀਆਂ ਵਿੱਚ ਨਹੀਂ ਰਹੇ, ਪਰ ਉਨ੍ਹਾਂ ਦੀ ਤਸਵੀਰ ਸਮਾਜ ਦੇ ਹਰ ਕੋਨੇ ਤੋਂ ਝਲਕਦੀ ਹੈ। ਇਸ ਸਮੇਂ ਅਧਿਆਪਕਾਂ ਤੇ ਵਿਦਿਆਰਥੀਆਂ ਨੇ ਸਵ. ਸ੍ਰੀ ਲਕਸ਼ੈ ਗਰਗ ਦੀ ਸੋਚ ਨੂੰ ਅੱਗੇ ਲੈ ਕੇ ਜਾਣ ਦੀ ਪ੍ਰਣ ਕੀਤਾ।

ਬੀ ਬੀ ਐੱਸ ਬੀ ਕਾਨਵੈਂਟ ਸਕੂਲ ਵਿਖੇ ਮਨਾਇਆ ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ ਦਿਹਾੜਾ

ਜਗਰਾਓਂ (ਨਛੱਤਰ ਸੰਧੂ)-ਬੀ.ਬੀ.ਐੱਸ.ਬੀ. ਕਾਨਵੈਂਟ ਸਕੂਲ ਸਿੱਧਵਾਂ ਬੇਟ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ ਦਿਹਾੜਾ ਬਹੁਤ ਹੀ ਸ਼ਰਧਾ ਨਾਲ ਮਨਾਇਆ ਗਿਆ। ਸਕੂਲ ਵਿਖੇ ਜਨਮ ਦਿਵਸ ਦੇ ਸੰਬੰਧ ਵਿੱਚ ਬੱਚਿਆਂ ਦੇ ਧਾਰਮਿਕ ਮੁਕਾਬਲੇ ਕਰਾਏ ਗਏ ਅਤੇ ਨਰਸਰੀ ਤੋਂ ਯੂ.ਕੇ.ਜੀ ਜਮਾਤ ਦੇ ਬੱਚਿਆਂ ਨੂੰ ਗੁਰੂਦੁਆਰਾ ਸਾਹਿਬ ਬੰਗਸੀਪੁਰਾ ਵਿਖੇ ਲਿਜਾ ਕੇ ਮੱਥਾ ਟਿਕਾਇਆ ਗਿਆ ਅਤੇ ਇਸ ਉਪਰੰਤ ਸਕੂਲ ਵਿਖੇ ਬਾਬਾ ਜੀ ਦੀ ਫੋਟੋ ਅੱਗੇ ਫੁੱਲ ਅਰਪਤ ਕੀਤੇ ਗਏ ਤੇ ਮੈਨੇਜਮੈਂਟ ਕਮੇਟੀ ਪ੍ਰਿੰਸੀਪਲ ਮੈਡਮ ਮਿਸਿਜ ਮੋਨਾ ਠਾਕੁਰ ਅਤੇ ਸਟਾਫ ਨੇ ਰਲ ਕੇ ਸਰਬੱਤ ਦੇ ਭਲੇ ਲਈ ਅਰਦਾਸ ਵੀ ਕੀਤੀ ਅਤੇ ਸਭ ਨੂੰ ਪ੍ਰਸ਼ਾਦ ਵੀ ਵੰਡਿਆ ਗਿਆ। ਇਸ ਸਮੇ ਪ੍ਰਿੰਸੀਪਲ ਮੈਡਮ ਮੋਨਾ ਠਾਕੁਰ ਜੀ ਨੇ ਬਾਬਾ ਜੀ ਦੇ ਜੀਵਨ ਉੱਪਰ ਚਾਨਣਾ ਪਾਉਂਦੇ ਹੋਏ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਜੀ ਸਿੱਖ ਕੌਮ ਦੇ ਇੱਕ ਮਹਾਨ ਯੋਧੇ ਤੇ ਜਰਨੈਲ ਹੋਏ ਸਨ। ਇਸ ਮੌਕੇ ਸਮੂਹ ਮੈਨੇਜਮੈਂਟ ਮੈਂਬਰਾਂ, ਜਿਸ ਵਿੱਚ ਚੇਅਰਮੈਨ ਸਨੀ ਅਰੋੜਾ, ਵਾਈਸ ਚੇਅਰਮੈਨ ਰਜਿੰਦਰ ਕੁਮਾਰ ਬਾਵਾ, ਪ੍ਰੈਜੀਡੈਂਟ ਹਰੀਕ੍ਰਿਸ਼ਨ ਭਗਵਾਨ ਦਾਸ, ਮੈਨੇਜਿੰਗ ਡਾਇਰੈਟਰ ਸ਼ਾਮ ਸੁੰਦਰ ਭਾਰਦਵਾਜ ਤੇ ਜਨਰਲ ਸੈਕਰੇਟਰੀ ਅੰਜੂ ਬਾਲਾ ਹਾਜ਼ਰ ਸਨ।

ਸੌਰਵ ਅਹੂਜਾ ਆਪ ਦੇ ਬਲਾਕ ਪ੍ਰਧਾਨ ਨਿਯੁਕਤ

ਮੱਖੂ (ਰਛਪਾਲ ਸਿੰਘ ਸੰਧੂ)-ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਮਾਨ ਵੱਲੋਂ ਲੋਕ ਸਭਾ ਹਲਕਾ ਖਡੂਰ ਸਾਹਿਬ ਦੀਆਂ ਵਿਧਾਨ ਸਭਾ ਹਲਕਿਆਂ ਦੇ ਬਲਾਕ ਪ੍ਰਧਾਨਾਂ ਦੀ ਜਾਰੀ ਕੀਤੀ ਸੂਚੀ ਵਿੱਚ ਵਿਧਾਨ ਸਭਾ ਹਲਕਾ ਜ਼ੀਰਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਨਰੇਸ਼ ਕਟਾਰੀਆ ਵੱਲੋਂ ਪਾਰਟੀ ਪ੍ਰਤੀ ਕੀਤੀ ਜਾ ਰਹੀ ਸੇਵਾ ਨੂੰ ਦੇਖਦੇ ਹੋਏ ਸਿਫਾਰਸ਼ ਕਰਨ 'ਤੇ ਸੌਰਵ ਅਹੂਜਾ ਨੂੰ ਬਲਾਕ ਮਖੂ ਦੇ ਪ੍ਰਧਾਨ ਨਿਯੁਕਤ ਕਰਨ 'ਤੇ ਆਮ ਆਦਮੀ ਪਾਰਟੀ ਦੇ ਆਗੂਆਂ ਤੇ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਸੌਰਵ ਅਹੂਜਾ ਦੇ ਬਲਾਕ ਮਖੂ ਦੇ ਪ੍ਰਧਾਨ ਬਣਨ 'ਤੇ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਉਂਦਿਆਂ ਯੂਥ ਆਗੂ ਪ੍ਰਸ਼ਾਂਤ ਕਟਾਰੀਆ, ਪਵਨ ਕਟਾਰੀਆ, ਸੁਮਿਤ ਕਟਾਰੀਆ, ਅਜੇ ਕੰਧਾਰੀ, ਸਮਸ਼ੇਰ ਸਿੰਘ ਸ਼ੇਰਾ ਵਾਰਸਵਾਲਾ, ਭੀਮ ਠੁਕਰਾਲ, ਵਿਵੇਕ ਮੋਂਗਾ, ਜੱਜ ਮਨੇਸ਼ ਵਾਰਸਵਾਲਾ ਨੇ ਆਮ ਆਦਮੀ ਪਾਰਟੀ ਦੇ ਨੈਸ਼ਨਲ ਜਨਰਲ ਸੈਕਟਰੀ ਡਾ. ਸੰਦੀਪ ਪਾਠਕ, ਪੰਜਾਬ ਪ੍ਰਧਾਨ ਭਗਵੰਤ ਸਿੰਘ ਮਾਨ, ਪੰਜਾਬ ਸਟੇਟ ਵਰਕਿੰਗ ਪ੍ਰਧਾਨ ਬੁੱਧ ਰਾਮ ਤੇ ਹਲਕਾ ਵਿਧਾਇਕ ਨਰੇਸ਼ ਕਟਾਰੀਆ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੌਰਵ ਅਹੂਜਾ ਦੇ ਬਲਾਕ ਪ੍ਰਧਾਨ ਬਣਨ ਨਾਲ ਨੌਜਵਾਨਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ, ਬਲਾਕ ਮਖੂ ਦੇ ਸ਼ਹਿਰ ਤੇ ਪਿੰਡਾਂ ਦੇ ਨੌਜਵਾਨ ਆਮ ਪਾਰਟੀ ਨਾਲ ਜੁੜ ਰਹੇ ਹਨ। ਇਸ ਮੌਕੇ ਨਵਨਿਯੁਕਤ ਬਲਾਕ ਪ੍ਰਧਾਨ ਸੌਰਵ ਅਹੂਜਾ ਨੇ ਕਿਹਾ ਕਿ ਪਾਰਟੀ ਵੱਲੋਂ ਜੋ ਜ਼ਿੰਮੇਵਾਰੀ ਸੌਂਪੀ ਗਈ, ਉਸ ਨੂੰ ਤਹਿ ਦਿਲੋਂ ਨਿਭਾਈ ਜਾਵੇਗੀ ਤੇ ਪਾਰਟੀ ਦੀਆਂ ਨੀਤੀਆਂ ਘਰ ਘਰ ਪਹੁੰਚਾਉਣ ਲਈ ਦਿਨ-ਰਾਤ ਮਿਹਨਤ ਕੀਤੀ ਜਾਵੇਗੀ।

ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਮਾਨ ਜਿੰਮ ਵੱਲੋਂ ਕਰਵਾਇਆ ਪੁਸ਼ਅੱਪ ਕੰਪੀਟੀਸ਼ਨ

ਜਿੰਮ 'ਚ ਕਰਾਇਆ ਪੁਸ਼ਅਪ ਮੁਕਾਬਲਾ, ਸਾਰਜ ਬੇਗੋਵਾਲ ਜੇਤੂ

ਕੋਟ ਈਸੇ ਖਾਂ (ਅਰੋੜਾ)-ਨਸ਼ਿਆਂ ਦੇ ਵਗਦੇ ਛੇਵੇਂ ਦਰਿਆ ਨੂੰ ਰੋਕਣ ਲਈ ਸਰਕਾਰਾਂ ਵੱਲੋਂ ਵੱਖ-ਵੱਖ ਤਰ੍ਹਾਂ ਦੇ ਉਪਰਾਲੇ ਕੀਤੇ ਜਾਂਦੇ ਹਨ ਤੇ ਇੱਕ ਉਪਰਾਲਾ ਮਾਨ ਜਿੰਮ ਧਰਮਕੋਟ ਰੋਡ ਕੋਟ ਈਸੇ ਖਾਂ ਵਾਲਿਆਂ ਵੱਲੋਂ ਕੀਤਾ ਗਿਆ, ਜਿਸ ਵਿੱਚ ਪੁਸ਼ਅੱਪ ਦਾ ਕੰਪੀਟੀਸ਼ਨ ਕਰਾਇਆ ਗਿਆ। ਇਸ ਕੰਪੀਟੀਸ਼ਨ ਵਿੱਚ ਨੌਜਵਾਨਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ ਤੇ ਪਹਿਲੇ ਨੰਬਰ 'ਤੇ ਸਾਰਜ ਬੇਗੋਵਾਲ, ਦੂਜੇ ਨੰਬਰ 'ਤੇ ਕੋਮਲ ਜੀਰਾ, ਤੀਜੇ ਨੰਬਰ 'ਤੇ ਰਮਨ ਕੋਟ ਈਸੇ ਖਾਂ ਆਉਣ ਵਾਲੇ ਨੌਜਵਾਨਾਂ ਨੂੰ ਪ੍ਰੋਟੀਨ ਸਪਲੀਮੈਂਟ ਦੇ ਡੱਬੇ ਦਿੱਤੇ ਗਏ। ਇਸ ਮੌਕੇ ਕੁਲਵਿੰਦਰ ਸਿੰਘ ਮਾਨ ਨੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਇਕ ਉਪਰਾਲਾ ਕੀਤਾ ਗਿਆ ਹੈ। ਇਸ ਕੰਪੀਟੀਸ਼ਨ ਵਿੱਚ ਨੌਜਵਾਨਾਂ ਨੇ ਵੱਡੀ ਗਿਣਤੀ ਵਿੱਚ ਬੜੀ ਉਤਸ਼ਾਹ ਨਾਲ ਭਾਗ ਲਿਆ ਤੇ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਮਾਨ ਜਿੰਮ ਵੱਲੋਂ ਹਰ ਮਹੀਨੇ ਇੱਕ ਕੰਪੀਟੀਸ਼ਨ ਕਰਾਇਆ ਜਾਇਆ ਕਰੇਗਾ।

ਸੰਘਰਸ਼ਸ਼ੀਲ ਕਿਸਾਨਾਂ ਵੱਲੋਂ ਅਧਿਕਾਰੀਆਂ ਦੇ ਭਰੋਸੇ ਮਗਰੋਂ ਧਰਨਾ ਮੁਲਤਵੀ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਕੇਂਦਰ ਸਰਕਾਰ ਵੱਲੋਂ ਭਾਰਤਮਾਲਾ ਯੋਜਨਾ ਤਹਿਤ ਬਣਾਏ ਜਾ ਰਹੇ ਦਿੱਲੀ ਜੰਮੂ ਕੱਟੜਾ ਐਕਸਪ੍ਰੈਸ ਵੇਅ ਲਈ ਐਕਵਾਇਰ ਕੀਤੀ ਗਈ ਜ਼ਮੀਨ ਦੇ ਮਾਲਕ ਕਿਸਾਨਾਂ ਦੀਆਂ ਚਿਰਾਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਲੈ ਕੇ ਰੋਡ ਕਿਸਾਨ ਸੰਘਰਸ਼ ਕਮੇਟੀ ਨੇ ਇੱਥੇ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਵੱਲੋਂ ਕਰੀਬ ਤਿੰਨ ਹਫਤਿਆਂ ਤੋਂ ਕੰਮ ਬੰਦ ਕਰਕੇ ਅਣਮਿੱਥੇ ਸਮੇਂ ਦੇ ਚੱਲ ਰਹੇ ਧਰਨੇ ਨੂੰ ਖਤਮ ਕਰਵਾਉਣ ਲਈ ਚੱਲ ਰਹੀਆਂ ਕੋਸ਼ਿਸ਼ਾਂ ਦੌਰਾਨ ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀਆਂ ਦੀ ਟੀਮ ਨੇ ਧਰਨੇ ਵਾਲੀ ਥਾਂ 'ਤੇ ਪਹੁੰਚ ਕੇ ਰੋਸ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨਾਲ ਗੱਲਬਾਤ ਕੀਤੀ। ਟੀਮ ਵਿੱਚ ਸ਼ਾਮਲ ਅਧਿਕਾਰੀਆਂ ਵੱਲੋਂ ਕਿਸਾਨਾਂ ਦੀਆਂ ਮੰਗਾਂ ਨੂੰ ਸੁਣਨ ਉਪਰੰਤ ਹਾਈਵੇ ਅਥਾਰਟੀ ਦੇ ਅਧਿਕਾਰੀਆਂ ਵੱਲੋਂ ਕਿਸਾਨਾਂ ਦੀਆਂ ਮੁਸ਼ਕਲਾਂ ਹੱਲ ਕਰਨ ਦੇ ਦਿੱਤੇ ਗਏ ਭਰੋਸੇ ਮਗਰੋਂ ਅਣਮਿੱਥੇ ਸਮੇਂ ਦਾ ਧਰਨਾ ਮੁਕਤ ਵੀ ਕਰ ਦਿੱਤਾ ਗਿਆ ਹੈ। ਜਾਣਕਾਰੀ ਦਿੰਦਿਆਂ ਰੋਡ ਕਿਸਾਨ ਸੰਘਰਸ਼ ਕਮੇਟੀ ਦੇ ਜ਼ਿਲ੍ਹਾ ਪ੍ਰਧਾਨ ਜਗਜੀਤ ਸਿੰਘ ਗਲੌਲੀ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਦੇ ਪ੍ਰਧਾਨ ਮਨਜੀਤ ਸਿੰਘ ਨਿਆਲ ਨੇ ਦੱਸਿਆ ਕਿ ਜਿਹੜੇ ਕਿਸਾਨਾਂ ਦੇ ਕਮਿਸ਼ਨਰ ਕਮ ਆਰਬੀਟ੍ਰੇਟਰ ਕੋਲ ਕੇਸ ਲੱਗੇ ਹੋਏ ਉਨ੍ਹਾਂ ਦੇ ਪਿੰਡਾਂ ਦੇ ਐਵਾਰਡ ਪਿੰਡਾਂ ਵਿਚ ਕੀਮਤਾਂ ਮੁਤਾਬਕ ਜਾਰੀ ਕੀਤੇ ਜਾਣ ਦੇ ਨਾਲ ਨਾਲ ਹਰੀਜਨ ਸੁਸਾਇਟੀ ਦੀ ਜ਼ਮੀਨ ਦੀ ਪੇਮੈਂਟ ਕਾਬਜ਼ਕਾਰ ਅਤੇ ਕਾਸ਼ਤਕਾਰ ਕਿਸਾਨਾਂ ਨੂੰ ਤੁਰੰਤ ਜਾਰੀ ਕਰਨ ਦੀ ਮੰਗ ਨੂੰ ਲੈ ਕੇ ਸੰਘਰਸ਼ ਸ਼ੁਰੂ ਕੀਤਾ ਗਿਆ ਸੀ। ਇਸ ਤੋਂ ਇਲਾਵਾ ਜਿਹੜੇ ਕਿਸਾਨਾਂ ਦੀ ਜ਼ਮੀਨ ਦੀ ਪੇਮੈਂਟ ਕੋਰਟ ਵਿੱਚ ਚਲੀ ਗਈ ਸੀ ਉਨ੍ਹਾਂ ਵਿੱਚੋਂ ਜਿਹੜੇ ਕਿਸਾਨਾਂ ਦੇ ਮਸਲੇ ਪੰਚਾਇਤੀ ਤੌਰ 'ਤੇ ਹੱਲ ਹੋ ਚੁੱਕੇ ਹਨ ਉਨ੍ਹਾਂ ਦੇ ਕੇਸ ਖਾਰਜ ਕਰਕੇ ਪੇਮੈਂਟ ਤੁਰੰਤ ਜਾਰੀ ਕੀਤੀ ਜਾਵੇ। ਇਸ ਤਰ੍ਹਾਂ ਕਾਲਾ ਕਮੇਟੀ ਦੀ ਜੋ ਪੇਮੈਂਟ ਅਦਾਲਤ ਵੱਲੋਂ ਐਨ ਐਚ 71ਦੇ ਕੇਸ ਨਾਲ ਲਗਾ ਕੇ ਫਰੀਜ਼ ਕੀਤੀ ਗਈ ਹੈ ਉਸ ਵਜ੍ਹਾ ਨਾਲ ਕਿਸਾਨਾਂ ਦੀ ਜੰਮੂ ਕੱਟੜਾ ਰੋਡ ਦੀ ਪੇਮੈਂਟ ਰੁਕੀ ਹੋਈ ਹੈ ਉਕਤ ਰਾਸ਼ੀ ਦੁਬਾਰਾ ਜਾਰੀ ਕੀਤੀ ਜਾਵੇ। ਜਿਨ੍ਹਾਂ ਕਿਸਾਨਾਂ ਦੇ ਰਸਤੇ ਕੱਟ ਦਿੱਤੇ ਹਨ ਉਨ੍ਹਾਂ ਨੂੰ ਨਕਸ਼ੇ ਵਿੱਚ ਪੱਕੇ ਤੌਰ 'ਤੇ ਲਗਾ ਕੇ ਅਤੇ ਸਬੰਧਤ ਅਧਿਕਾਰੀਆਂ ਤੋਂ ਅਪਰੂਵ ਕਰਵਾ ਕੇ ਰਸਤਿਆਂ ਦੀ ਗਿਰਦਾਵਰੀ ਪੰਚਾਇਤਾਂ ਦੇ ਨਾਮ ਕਰਵਾਈ ਜਾਣਾ ਮੁੱਖ ਮੰਗਾਂ ਵਿੱਚ ਸ਼ਾਮਲ ਹੈ। ਆਗੂਆਂ ਨੇ ਦੱਸਿਆ ਕਿ ਜਿਨ੍ਹਾ ਕਿਸਾਨਾਂ ਦੀਆਂ ਕੁਝ ਜ਼ਮੀਨਾਂ ਅਕੁਾਇਰ ਹੋਣ ਮਗਰੋਂ ਬਾਕੀ ਬਚਦੀਆਂ ਜ਼ਮੀਨਾਂ ਨੂੰ ਨਹਿਰੀ ਪਾਣੀ ਦੇਣ ਲਈ ਬਣੇ ਖਾਲ ਹਾਈਵੇ ਬਣਨ ਕਾਰਨ ਬੰਦ ਹੋ ਰਹੇ ਹਨ, ਸਾਰੇ ਨਹਿਰੀ ਖਾਲ ਬਹਾਲ ਕੀਤੇ ਜਾਣ। ਕਿਸਾਨਾਂ ਦੀਆਂ ਮੋਟਰਾਂ ਦੇ ਪਾਣੀ ਵਾਲੀਆਂ ਜਿਹੜੀਆਂ ਪਾਈਪ ਲਾਈਨਾਂ ਬੰਦ ਜਾਂ ਖਰਾਬ ਹੋਈਆਂ ਉਨ੍ਹਾਂ ਦੀ ਅਸੈਸਮੈਂਟ ਕਰਕੇ ਮੁਆਵਜ਼ਾ ਦਿੱਤਾ ਜਾਵੇ। ਮਿਸ ਖਸਰਾ ਨੰਬਰਾਂ ਦੀ ਪੇਮੈ

18-OCT-PAGE-1.qxd 10/17/2023 10:32 PM Page 1

ਬੁੱਧਵਾਰ, 18 ਅਕਤੂਬਰ, 2023
2 ਕੱਤਕ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 138

ਨਵਾਂ ਜ਼ਮਾਨਾ

DAILY NAWAN ZAMANA • WEDNESDAY, 18 OCTOBER, 2023
ਜਲੰਧਰ
ਕੀਮਤ/PRICE : 5.00 ਰੁਪਏ
Regd. No : Pb/JL-123/2021-23, (R.N.I.)-00068/57
E-mail : nawanzamana@gmail.com
www.nawanzamana.in

YouTube nawan zamana TV

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

ਬੀਜਿੰਗ ’ਚ ਅੱਜ ਨਵੇਂ ਯੁੱਗ ਦੀ ਕੌਮਿਟਰਨ

ਇੰਡੋਨੇਸ਼ੀਆ ਵਿਚ ਚੀਨੀ ਮਦਦ ਨਾਲ ਜਕਾਰਤਾ-ਬਾਂਡੁੰਗ ਹਾਈ-ਸਪੀਡ ਰੇਲਵੇ ਪ੍ਰੋਜੈਕਟ ਸਿਰੇ ਚੜ੍ਹਿਆ, ਜਿਸ ’ਤੇ ਪਿਛਲੇ ਦਿਨੀਂ 350 ਕਿਲੋਮੀਟਰ ਦੀ ਸਪੀਡ ਨਾਲ ਗੱਡੀ ਦੌੜੀ। (ਇਨਸੈੱਟ) ਬੀਜਿੰਗ ਪਹੁੰਚੇ ਪੁਤਿਨ।

ਬੀਜਿੰਗ : ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਮੰਗਲਵਾਰ ਦੋ ਦਿਨਾ ਦੌਰੇ ’ਤੇ ਬੀਜਿੰਗ ਪੁੱਜੇ, ਜਿੱਥੇ ਉਹ ਤੀਜੇ ‘ਬੈੱਲਟ ਐਂਡ ਰੋਡ ਫੋਰਮ ਫਾਰ ਇੰਟਰਨੈਸ਼ਨਲ ਕੋਆਪ੍ਰੇਸ਼ਨ’ ਸਿਖਰ ਸੰਮੇਲਨ ਵਿਚ ਹਿੱਸਾ ਲੈਣਗੇ। ਇਹ ਸੰਮੇਲਨ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਦੁਨੀਆ-ਭਰ ਵਿਚ ਚਲਾਏ ਜਾ ਰਹੇ ਪ੍ਰੋਜੈਕਟ ਦੀ ਦਸਵੀਂ ਵਰ੍ਹੇਗੰਢ ’ਤੇ ਸੱਦਿਆ ਹੈ। ਫੋਰਮ ਦਾ ਮੁੱਖ ਪ੍ਰੋਗਰਾਮ 18 ਅਕਤੂਬਰ ਨੂੰ ਹੋਣਾ ਹੈ। ਸੰਮੇਲਨ, ਜਿਹੜਾ ਇਕ ਤਰ੍ਹਾਂ ਨਾਲ ਨਵੇਂ ਯੁੱਗ ਦੀ ‘ਕੌਮਿਟਰਨ’ ਦਾ ਝਲਕਾਰਾ ਹੋਵੇਗਾ, ਵਿਚ ਦੇਸ਼ਾਂ ਤੇ ਸਰਕਾਰਾਂ ਦੇ ਘੱਟੋ-ਘੱਟ 20 ਮੁਖੀਆਂ ਸਮੇਤ 100 ਤੋਂ ਵੱਧ ਦੇਸ਼ਾਂ ਦੇ ਨੁਮਾਇੰਦੇ ਹਿੱਸਾ ਲੈਣਗੇ। ਇਨ੍ਹਾਂ ਵਿਚ ਬਹੁਤੇ ਦੱਖਣ-ਪੂਰਬ, ਦੱਖਣ ਏਸ਼ੀਆ, ਮੱਧ-ਪੂਰਬ, ਅਫਰੀਕਾ ਤੇ ਲਾਤੀਨੀ ਅਮਰੀਕਾ ਦੇ ਹਨ। ਸ੍ਰੀਲੰਕਾ, ਜ਼ਾਂਬੀਆ ਤੇ ਕੀਨੀਆ ਦੇ ਆਗੂ ਵੀ ਪੁੱਜ ਰਹੇ ਹਨ। ਚੀਨ ਨੇ ਕੀਨੀਆ ਵਿਚ 592 ਕਿੱਲੋਮੀਟਰ ਲੰਮੀ ਮੋਂਬਾਸਾ-ਨੈਰੋਬੀ ਰੇਲ ਲਾਈਨ ਵਿਛਾਈ ਹੈ। ਇੰਡੋਨੇਸ਼ੀਆ ਵਿਚ ਪਹਿਲੀ ਹਾਈ ਸਪੀਡ ਰੇਲ ਚਲਾਈ ਹੈ। ਚੀਨ ਇਸ ਪ੍ਰੋਜੈਕਟ ਤਹਿਤ ਦੁਨੀਆ-ਭਰ ਵਿਚ ਰੇਲ ਲਾਈਨਾਂ ਤੇ ਸੜਕਾਂ ਦਾ ਜਾਲ ਵਿਛਾ ਰਿਹਾ ਹੈ। ਨਾਲ ਲੱਗਦੇ ਪ੍ਰੋਜੈਕਟਾਂ ਦਾ ਫੈਸਲਾ ਸੰਬੰਧਤ ਦੇਸ਼ ਲੈਂਦੇ ਹਨ ਤੇ ਚੀਨ ਮਾਲੀ ਤੇ ਤਕਨੀਕੀ ਮਦਦ ਕਰਦਾ ਹੈ।

ਇੰਡੋਨੇਸ਼ੀਆ ਦੇ ਰਾਸ਼ਟਰਪਤੀ ਜੋਕੋ ਵਿਡੋਡੋ ਨੇ 7.3 ਅਰਬ ਡਾਲਰ ਦੀ ਚੀਨੀ ਮਦਦ ਨਾਲ ਬਣੀ 142 ਕਿੱਲੋਮੀਟਰ ਲੰਮੀ ਜਕਾਰਤਾ-ਬਾਂਡੁੰਗ ਹਾਈ ਸਪੀਡ ਰੇਲ ਲਾਈਨ ’ਤੇ ਹਾਈ ਸਪੀਡ ਗੱਡੀ ਚਲਾਉਣ ਦੀ ਸ਼ੁਰੂਆਤ ਕੀਤੀ। ਅਮਰੀਕਾ ਦੀ ਅਗਵਾਈ ਵਾਲੇ ਪੱਛਮੀ ਦੇਸ਼ ਚੀਨ ਦੇ ਇਸ ਪ੍ਰੋਜੈਕਟ ਦੀ ਮੁਖਾਲਫਤ ਕਰ ਰਹੇ ਹਨ, ਪਰ ਵਿਕਾਸਸ਼ੀਲ ਤੇ ਗਰੀਬ ਦੇਸ਼ ਚੀਨੀ ਮਦਦ ਨਾਲ ਆਪਣੇ ਦੇਸ਼ਾਂ ਵਿਚ ਸੜਕੀ ਤੇ ਰੇਲ ਢਾਂਚੇ ਵਿਕਸਤ ਕਰਨ ਲਈ ਉਤਾਵਲੇ ਹਨ। ਸਿਖਰ ਸੰਮੇਲਨ ਵਿਚ ਹੰਗਰੀ ਦੇ ਪ੍ਰਧਾਨ ਮੰਤਰੀ ਵਿਕਤਰ ਓਰਬਨ ਤੇ ਅਰਜਨਟੀਨਾ ਦੇ ਰਾਸ਼ਟਰਪਤੀ ਅਲਬਰਟੋ ਫਰਨਾਡੇਜ਼ ਵੀ ਹਿੱਸਾ ਲੈ ਰਹੇ ਹਨ।

ਭਾਰਤ ਵੱਲੋਂ ਬਾਈਕਾਟ

ਨਵੀਂ ਦਿੱਲੀ : ਭਾਰਤ ਨੇ ਚੀਨ ਦੇ ‘ਇਕ ਪੱਟੀ ਤੇ ਇਕ ਰੋਡ’ ਪਹਿਲਕਦਮੀ ਸਿਖਰ ਵਾਰਤਾ ਦੇ ਬਾਈਕਾਟ ਦਾ ਫੈਸਲਾ ਕੀਤਾ ਹੈ। ਭਾਰਤ ਲਗਾਤਾਰ ਤੀਜੀ ਵਾਰ ਸਿਖਰ ਸੰਮੇਲਨ ’ਚੋਂ ਗੈਰਹਾਜ਼ਰ ਰਹੇਗਾ।

ਅਧਿਕਾਰਤ ਸੂਤਰਾਂ ਨੇ ਕਿਹਾ ਕਿ ਭਾਰਤ ਗੈਰਹਾਜ਼ਰ ਰਹਿ ਕੇ ਇਸ ਵਿਵਾਦਤ ਸੀਪੈੱਕ (ਚੀਨ-ਪਾਕਿਸਤਾਨ ਆਰਥਿਕ ਗਲਿਆਰਾ) ਨਾਲ ਪ੍ਰਭੂਸੱਤਾ ਨੂੰ ਲੈ ਕੇ ਜੁੜੇ ਆਪਣੇ ਸਟੈਂਡ ’ਤੇ ਰੌਸ਼ਨੀ ਪਾਏਗਾ। ਚੇਤੇ ਰਹੇ ਕਿ ਇਹ ਆਰਥਿਕ ਗਲਿਆਰਾ ਮਕਬੂਜ਼ਾ ਕਸ਼ਮੀਰ ’ਚੋਂ ਹੋ ਕੇ ਲੰਘਦਾ ਹੈ।

ਰਾਜਪਾਲ ਦਾ ਮਾਨ ਨੂੰ ‘ਬਰਥ ਡੇ ਗਿਫ਼ਟ’

ਚੰਡੀਗੜ੍ਹ : ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਪੱਤਰ ਲਿਖ ਕੇ ਸੂਬੇ ਸਿਰ ਚੜ੍ਹੇ ਕਰਜ਼ੇ ਬਾਰੇ ਸਵਾਲ ਖੜ੍ਹੇ ਕੀਤੇ ਹਨ। ਰਾਜਪਾਲ ਨੇ ਕੈਗ ਦੀ ਰਿਪੋਰਟ ਦਾ ਹਵਾਲਾ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਸਾਲ 2022-23 ’ਚ 10 ਹਜ਼ਾਰ ਕਰੋੜ ਰੁਪਏ ਦਾ ਵਾਧੂ ਕਰਜ਼ਾ ਲਿਆ ਹੈ। ਉਨ੍ਹਾ ਕਿਹਾ ਕਿ ਅਸੰਬਲੀ ਨੇ ਸਾਲ 2022-23 ’ਚ 23,835 ਕਰੋੜ ਰੁਪਏ ਤੱਕ ਦਾ ਕਰਜ਼ਾ ਲੈਣ ਦੀ ਪ੍ਰਵਾਨਗੀ ਦਿੱਤੀ ਸੀ, ਜਦੋਂ ਕਿ ਸੂਬਾ ਸਰਕਾਰ ਨੇ 33,886 ਕਰੋੜ ਰੁਪਏ ਦਾ ਕਰਜ਼ਾ ਲਿਆ ਹੈ। ਰਾਜਪਾਲ ਨੇ ਸਰਕਾਰ ਤੋਂ ਬਗੈਰ ਦੱਸੇ ਕੀਤੇ ਖਰਚਿਆਂ ਦਾ ਬਿਓਰਾ ਵੀ ਮੰਗਿਆ ਹੈ। ਰਾਜਪਾਲ ਨੇ ਕਿਹਾ ਕਿ ਪੰਜਾਬ ਸਰਕਾਰ ਵਿੱਤੀ ਸਰੋਤਾਂ ਦਾ ਪ੍ਰਬੰਧ ਕੁਸ਼ਲਤਾ ਨਾਲ ਨਹੀਂ ਕਰ ਰਹੀ ਹੈ। ਰਾਜਪਾਲ ਨੇ ਪੱਤਰ ਉਦੋਂ ਘੱਲਿਆ, ਜਦੋਂ ਮੁੱਖ ਮੰਤਰੀ ਭਗਵੰਤ ਸਿੰਘ ਪਰਵਾਰ ਨਾਲ ਜਨਮ ਦਿਨ ਮਨਾ ਰਹੇ ਸਨ। ਰਾਜਪਾਲ ਨੇ ਮਾਨ ਨੂੰ ਆਪਣਾ ਹਿਸਾਬ-ਕਿਤਾਬ ਠੀਕ ਕਰਨ ਲਈ ਕਹਿੰਦਿਆਂ ਇਹ ਗੱਲ ਕਹੀ ਹੈ ਕਿ ਜੇ ਸਰਕਾਰ ਹਿਸਾਬ-ਕਿਤਾਬ ਠੀਕ ਕਰਕੇ ਭੇਜਦੀ ਹੈ ਤਾਂ ਹੀ ਉਹ ਕੇਂਦਰ ਕੋਲ ਪੰਜਾਬ ਦੇ ਹੱਕ ਵਿਚ ਮੁੱਦਾ ਚੁੱਕਣਗੇ। ਉਨ੍ਹਾ ਮੁਫਤ ਬਿਜਲੀ ’ਤੇ ਵੀ ਸਵਾਲ ਚੁੱਕੇ ਹਨ।

ਮਹਾਰਾਸ਼ਟਰ ਦੇ ਸਪੀਕਰ ਨੂੰ ਆਖਰੀ ਮੌਕਾ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਮਹਾਰਾਸ਼ਟਰ ਵਿਚ ਵਿਧਾਇਕਾਂ ਦੇ ਅਯੋਗਤਾ ਦੇ ਮਾਮਲੇ ’ਚ ਮੰਗਲਵਾਰ ਸਪੀਕਰ ਰਾਹੁਲ ਨਾਰਵੇਕਰ ਨੂੰ ਆਖਰੀ ਮੌਕਾ ਦਿੰਦਿਆਂ ਕਿਹਾ ਕਿ ਉਹ ਫੈਸਲਾ ਲੈਣ ਦੀ ਹਕੀਕੀ ਸਮਾਂ-ਸੀਮਾ ਤੈਅ ਕਰਨ। ਚੀਫ ਜਸਟਿਸ ਡੀ ਵਾਈ ਚੰਦਰਚੂੜ ਦੀ ਅਗਵਾਈ ਵਾਲੀ ਬੈਂਚ ਨੇ ਕਿਹਾ ਕਿ ਉਹ ਵਰਤਮਾਨ ਸਮਾਂ-ਸਾਰਣੀ ਤੋਂ ਸੰਤੁਸ਼ਟ ਨਹੀਂ। ਸਾਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਉਹ ਦੁਸਹਿਰੇ ਦੀਆਂ ਛੁੱਟੀਆਂ ਵਿਚ ਸਪੀਕਰ ਨੂੰ ਮਿਲ ਕੇ ਰਾਹ ਕੱਢਣਗੇ। ਹੁਣ ਮਾਮਲੇ ਦੀ ਅਗਲੀ ਸੁਣਵਾਈ 30 ਅਕਤੂਬਰ ਨੂੰ ਹੋਵੇਗੀ।

ਰਾਘਵ ਚੱਢਾ ਨੂੰ ਰਾਹਤ

ਨਵੀਂ ਦਿੱਲੀ : ‘ਆਪ’ ਦੇ ਰਾਜ ਸਭਾ ਮੈਂਬਰ ਰਾਘਵ ਚੱਢਾ ਨੂੰ ਮੰਗਲਵਾਰ ਦਿੱਲੀ ਹਾਈ ਕੋਰਟ ਤੋਂ ਵੱਡੀ ਰਾਹਤ ਮਿਲੀ ਹੈ। ਉਨ੍ਹਾ ਨੂੰ ਮੌਜੂਦਾ ਟਾਈਪ-7 ਸਰਕਾਰੀ ਬੰਗਲਾ ਖਾਲੀ ਨਹੀਂ ਕਰਨਾ ਪਵੇਗਾ। ਦਿੱਲੀ ਹਾਈ ਕੋਰਟ ਨੇ ਕਿਹਾ ਹੈ ਕਿ ਉਹ ਬੰਗਲੇ ’ਚ ਰਹਿ ਸਕਦੇ ਹਨ।

ਸਮਲਿੰਗੀ ਵਿਆਹ ਨੂੰ ਮਾਨਤਾ ਦੇਣ ਤੋਂ ਸੁਪਰੀਮ ਕੋਰਟ ਦੀ ਨਾਂਹ

ਨਵੀਂ ਦਿੱਲੀ : ਸੁਪਰੀਮ ਕੋਰਟ ਦੇ ਪੰਜ ਜੱਜਾਂ ਦੀ ਸੰਵਿਧਾਨਕ ਬੈਂਚ ਨੇ ਮੰਗਲਵਾਰ ਸਮਲਿੰਗੀ ਵਿਆਹ ਨੂੰ 3-2 ਨਾਲ ਕਾਨੂੰਨੀ ਮਾਨਤਾ ਦੇਣ ਤੋਂ ਇਨਕਾਰ ਕਰ ਦਿੱਤਾ। ਬੈਂਚ ਨੇ ਕਿਹਾ ਕਿ ਇਹ ਸੰਸਦ ਦਾ ਅਧਿਕਾਰ ਖੇਤਰ ਹੈ। ਸੁਪਰੀਮ ਕੋਰਟ ਨੇ ਚਾਰ ਫੈਸਲੇ ਸੁਣਾਏ।

ਚੀਫ ਜਸਟਿਸ ਡੀ ਵਾਈ ਚੰਦਰਚੂੜ, ਜਸਟਿਸ ਐੱਸ ਕੇ ਕੌਲ, ਜਸਟਿਸ ਰਵਿੰਦਰ ਭੱਟ ਤੇ ਜਸਟਿਸ ਪੀ ਐਸ ਨਰਸਿਮ੍ਹਾ ਨੇ ਫੈਸਲੇ ਪੜ੍ਹੇ, ਜਦਕਿ ਜਸਟਿਸ ਹਿਮਾ ਕੋਹਲੀ ਨੇ ਜਸਟਿਸ ਭੱਟ ਦੇ ਵਿਚਾਰ ਨਾਲ ਸਹਿਮਤੀ ਜਤਾਈ। ਇਸ ਦੇ ਨਾਲ ਹੀ ਬੈਂਚ ਨੇ 3-2 ਦੇ ਬਹੁਮਤ ਨਾਲ ਸਮਲਿੰਗੀ ਜੋੜਿਆਂ ਨੂੰ ਗੋਦ ਲੈਣ ਦਾ ਅਧਿਕਾਰ ਦੇਣ ਤੋਂ ਵੀ ਇਨਕਾਰ ਕਰ ਦਿੱਤਾ। ਇਸ ਦੇ ਨਾਲ ਸੁਪਰੀਮ ਕੋਰਟ ਨੇ ਕਿਹਾ ਕਿ ਕੇਂਦਰ ਸਮਲਿੰਗੀਆਂ ਦੇ ਅਧਿਕਾਰਾਂ ਦੀ ਪਛਾਣ ਕਰਨ ਲਈ ਕਮੇਟੀ ਬਣਾਏ ਤੇ ਉਨ੍ਹਾਂ ਨੂੰ ਕੁਝ ਅਧਿਕਾਰ ਤੇ ਸਮਾਜੀ ਸੁਰੱਖਿਆ ਦਾ ਲਾਭ ਦੇਵੇ।

ਅਸਮਾਨੀ ਬਿਜਲੀ ਨਾਲ ਪ੍ਰਾਚੀਨ ਮੰਦਰ ਦਾ ਹਿੱਸਾ ਡਿੱਗਾ

ਜੰਮੂ : ਇੱਥੇ ਪ੍ਰਾਚੀਨ ਰਣਬੀਰੇਸ਼ਵਰ ਮੰਦਰ ਦਾ ਹਿੱਸਾ ਮੰਗਲਵਾਰ ਸਵੇਰੇ ਭਾਰੀ ਮੀਂਹ ਦੌਰਾਨ ਅਸਮਾਨੀ ਬਿਜਲੀ ਡਿੱਗਣ ਕਾਰਨ ਢਹਿ ਗਿਆ। ਮੰਦਰ ਨੂੰ ਚਲਾਉਣ ਵਾਲੇ ਚੈਰੀਟੇਬਲ ਟਰੱਸਟ ਦੇ ਸਕੱਤਰ ਅਸ਼ੋਕ ਕੁਮਾਰ ਸ਼ਰਮਾ ਨੇ ਦੱਸਿਆ ਕਿ ਮੰਦਰ 200 ਸਾਲ ਪੁਰਾਣਾ ਹੈ।

ਗੋਦਾਮ ’ਚ ਧਮਾਕਾ, 4 ਮੌਤਾਂ

ਲਖਨਊ : ਮੇਰਠ ’ਚ ਸਾਬਣ ਫੈਕਟਰੀ ਦੇ ਗੋਦਾਮ ’ਚ ਮੰਗਲਵਾਰ ਸਵੇਰੇ ਧਮਾਕੇ ਕਾਰਨ 4 ਵਿਅਕਤੀਆਂ ਦੀ ਮੌਤ ਹੋ ਗਈ ਤੇ ਪੰਜ ਲੋਕ ਜ਼ਖਮੀ ਹੋ ਗਏ।

ਡੈਮ ’ਚ ਡੁੱਬਣ ਨਾਲ ਤਿੰਨ ਵਿਦਿਆਰਥੀਆਂ ਦੀ ਮੌਤ

ਰਾਂਚੀ : ਝਾਰਖੰਡ ਦੇ ਹਜ਼ਾਰੀਬਾਗ ਜ਼ਿਲ੍ਹੇ ਵਿਚ ਸਥਿਤ ਲੋਟਵਾ ਡੈਮ ਵਿਚ ਮੰਗਲਵਾਰ ਤਿੰਨ ਨਾਬਾਲਗ ਵਿਦਿਆਰਥੀ ਡੁੱਬ ਗਏ, ਜਦਕਿ ਤਿੰਨ ਵਿਦਿਆਰਥੀ ਲਾਪਤਾ ਹਨ। ਘਟਨਾ ਸਵੇਰੇ 11 ਵਜੇ ਦੇ ਕਰੀਬ ਉਦੋਂ ਵਾਪਰੀ, ਜਦੋਂ 16 ਤੋਂ 17 ਸਾਲ ਦੀ ਉਮਰ ਦੇ ਵਿਦਿਆਰਥੀ ਡੈਮ ’ਤੇ ਪਿਕਨਿਕ ਮਨਾਉਣ ਗਏ ਸਨ। ਲੋਟਵਾ ਡੈਮ ਹਜ਼ਾਰੀਬਾਗ ਸ਼ਹਿਰ ਤੋਂ 25 ਕਿਲੋਮੀਟਰ ਦੀ ਦੂਰੀ ’ਤੇ ਸਥਿਤ ਹੈ। ਤਿੰਨ ਲਾਸ਼ਾਂ ਕੱਢੀਆਂ ਜਾ ਚੁੱਕੀਆਂ ਸਨ।

ਮੋਦੀ 2040 ਤੱਕ ਚੰਦ ’ਤੇ ਮਨੁੱਖ ਭੇਜਣ ਦੇ ਇੱਛੁਕ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਭਾਰਤ ਨੂੰ ਸਾਲ 2040 ਤੱਕ ਚੰਦ ’ਤੇ ਮਨੁੱਖਾਂ ਨੂੰ ਭੇਜਣ ਅਤੇ 2035 ਤੱਕ ਪੁਲਾੜ ਸਟੇਸ਼ਨ ਸਥਾਪਤ ਕਰਨ ਦਾ ਟੀਚਾ ਰੱਖਣਾ ਚਾਹੀਦਾ ਹੈ। ਉਨ੍ਹਾਂ ਗਗਨਯਾਨ ਦੀ ਪਹਿਲੀ ਪ੍ਰਦਰਸ਼ਨੀ ਉਡਾਣ ਦੀਆਂ ਤਿਆਰੀਆਂ ਦੀ ਸਮੀਖਿਆ ਕੀਤੀ ਤੇ ਵਿਗਿਆਨੀਆਂ ਨੂੰ ਸ਼ੁੱਕਰ ਮਿਸ਼ਨ, ਮੰਗਲ ਲੈਂਡਰ ’ਤੇ ਕੰਮ ਕਰਨ ਲਈ ਕਿਹਾ। ਪ੍ਰਧਾਨ ਮੰਤਰੀ ਸਕੱਤਰੇਤ ਦੇ ਬਿਆਨ ਅਨੁਸਾਰ ਸਾਲ 2025 ’ਚ ਭਾਰਤ ਦੀ ਪਹਿਲੀ ਮਨੁੱਖੀ ਪੁਲਾੜ ਉਡਾਣ ਦੀ ਸੰਭਾਵਨਾ ਹੈ।

ਮਾਂ-ਧੀ ਦੀ ਹੱਤਿਆ

ਜਲੰਧਰ (ਸੁਰਿੰਦਰ ਕੁਮਾਰ)-ਥਾਣਾ ਪਤਾਰਾ ਅਧੀਨ ਪੈਂਦੇ ਪਿੰਡ ਭੋਜੋਵਾਲ ਵਿਖੇ ਮੰਗਲਵਾਰ ਨੂੰ ਅਣਪਛਾਤੇ ਵਿਅਕਤੀਆਂ ਨੇ ਘਰ ਅੰਦਰ ਵੜ ਕੇ ਗੋਲੀਆਂ ਮਾਰ ਕੇ ਮਾਂ-ਧੀ ਦੀ ਹੱਤਿਆ ਕਰ ਦਿੱਤੀ। ਹੱਤਿਆ ਤੋਂ ਬਾਅਦ ਹਮਲਾਵਰਾਂ ਨੇ ਦੋਵਾਂ ਦੀਆਂ ਲਾਸ਼ਾਂ ਸਾੜਨ ਦੀ ਕੋਸ਼ਿਸ਼ ਵੀ ਕੀਤੀ। ਘਟਨਾ ਦਾ ਪਤਾ ਲਗਦਿਆਂ ਹੀ ਐੱਸ ਐੱਸ ਪੀ ਜਲੰਧਰ ਦਿਹਾਤੀ ਮੁਖਵਿੰਦਰ ਸਿੰਘ ਭੁੱਲਰ ਪੁਲਸ ਪਾਰਟੀ ਸਮੇਤ ਘਟਨਾ ਸਥਾਨ ’ਤੇ ਪੁੱਜੇ ਅਤੇ ਮਾਮਲੇ ਦੀ ਜਾਂਚ ਸ਼ੁਰੂ ਕੀਤੀ। ਮ੍ਰਿਤਕਾ ਦੇ ਪਤੀ ਜਗਤਾਰ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਉਹ ਆਪਣੇ ਕਿਸੇ ਰਿਸ਼ਤੇਦਾਰ ਦੇ ਘਰ ਗਏ ਹੋਏ ਸਨ। ਇਸੇ ਦੌਰਾਨ ਪਿੱਛੋਂ ਉਨ੍ਹਾਂ ਦੇ ਘਰ ਆਏ ਮੋਟਰਸਾਈਕਲ ਸਵਾਰ ਦੋ ਅਣਪਛਾਤੇ ਹਮਲਾਵਰਾਂ ਨੇ ਉਨ੍ਹਾਂ ਦੀ ਪਤਨੀ ਰਣਜੀਤ ਕੌਰ ਤੇ ਧੀ ਪ੍ਰੀਤੀ (33 ਸਾਲ) ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਉਨ੍ਹਾਂ ਅਮਰੀਕਾ ਰਹਿੰਦੇ ਆਪਣੇ ਜਵਾਈ ’ਤੇ ਹਮਲਾ ਕਰਵਾਉਣ ਦਾ ਦੋਸ਼ ਲਾਇਆ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਥਾਣਾ ਪਤਾਰਾ ਵਿਖੇ ਪਹਿਲਾਂ ਵੀ ਕਈ ਵਾਰ ਸ਼ਿਕਾਇਤ ਦੇ ਚੁੱਕੇ ਹਨ।

ਵਹੀਦਾ ਰਹਿਮਾਨ ਨੇ ਹਾਸਲ ਕੀਤਾ ਦਾਦਾ ਸਾਹਿਬ ਫਾਲਕੇ ਪੁਰਸਕਾਰ

ਨਵੀਂ ਦਿੱਲੀ : ਅਦਾਕਾਰਾ ਵਹੀਦਾ ਰਹਿਮਾਨ ਮੰਗਲਵਾਰ ਦਾਦਾ ਸਾਹਿਬ ਫਾਲਕੇ ਅਵਾਰਡ ਪ੍ਰਾਪਤ ਕਰਨ ਵਾਲੀ ਅੱਠਵੀਂ ਮਹਿਲਾ ਕਲਾਕਾਰ ਬਣ ਗਈ, ਜੋ ਭਾਰਤੀ ਸਿਨੇਮਾ ਦੇ ਖੇਤਰ ’ਚ ਸਭ ਤੋਂ ਵੱਡਾ ਸਨਮਾਨ ਹੈ।

ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਵਿਗਿਆਨ ਭਵਨ ’ਚ 69ਵੇਂ ਰਾਸ਼ਟਰੀ ਫਿਲਮ ਪੁਰਸਕਾਰ ਸਮਾਰੋਹ ਦੌਰਾਨ ਵਹੀਦਾ ਰਹਿਮਾਨ (85) ਨੂੰ ਇਹ ਪੁਰਸਕਾਰ ਪ੍ਰਦਾਨ ਕੀਤਾ।

ਪੇਡਾ ਨੇ ਗਰੀਨ ਹਾਈਡਰੋਜਨ ਨੀਤੀ ਬਾਰੇ ਲੋਕਾਂ ਤੋਂ ਸੁਝਾਅ ਮੰਗੇ

ਚੰਡੀਗੜ੍ਹ : ਪੰਜਾਬ ਨੂੰ ਗਰੀਨ ਹਾਈਡਰੋਜਨ ਦੇ ਉਤਪਾਦਨ ਵਿੱਚ ਮੋਹਰੀ ਸੂਬਾ ਬਣਾਉਣ ਅਤੇ ਗਰੀਨ ਹਾਈਡਰੋਜਨ ਈਕੋ ਸਿਸਟਮ ਨੂੰ ਉਤਸ਼ਾਹਤ ਲਈ ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਵੱਲੋਂ ਗਰੀਨ ਹਾਈਡਰੋਜਨ ਨੀਤੀ, ਜਿਸ ਨੂੰ ‘ਪੰਜਾਬ ਗਰੀਨ ਹਾਈਡਰੋਜਨ ਨੀਤੀ 2023’ ਵਜੋਂ ਜਾਣਿਆ ਜਾਵੇਗਾ, ਦਾ ਖਰੜਾ ਜਨਤਕ ਕਰ ਦਿੱਤਾ ਗਿਆ ਹੈ, ਜਿਸ ਬਾਰੇ ਸੰਬੰਧਤ ਭਾਈਵਾਲਾਂ ਅਤੇ ਆਮ ਲੋਕਾਂ ਤੋਂ ਸੁਝਾਅ/ ਟਿੱਪਣੀਆਂ ਮੰਗੀਆਂ ਹਨ।

ਇਹ ਸੰਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਦੇ ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਅਮਨ ਅਰੋੜਾ ਨੇ ਦੱਸਿਆ ਕਿ ਆਮ ਲੋਕਾਂ ਤੋਂ ਟਿੱਪਣੀਆਂ ਤੇ ਸੁਝਾਅ ਲੈਣ ਲਈ ਗਰੀਨ ਹਾਈਡਰੋਜਨ ਨੀਤੀ ਦਾ ਖਰੜਾ ਪੇਡਾ ਦੀ ਵੈੱਬਸਾਈਟ www.peda.gov.in ’ਤੇ ਅਪਲੋਡ ਕਰ ਦਿੱਤਾ ਗਿਆ ਹੈ ਅਤੇ ਇਸ ਸਬੰਧੀ ਟਿੱਪਣੀਆਂ/ਸੁਝਾਅ ਡਾਕ ਰਾਹੀਂ ਜਾਂ ਈਮੇਲ kulbirsingh@peda.gov.in ਅਤੇ rohit.kumarIDE@punjab.gov.in ’ਤੇ 5 ਨਵੰਬਰ ਤੱਕ ਭੇਜੇ ਜਾ ਸਕਦੇ ਹਨ।

ਅਮਨ ਅਰੋੜਾ ਨੇ ਕਿਹਾ ਕਿ ਇਸ ਨੀਤੀ ਦਾ ਉਦੇਸ਼ ਸਾਲ 2030 ਤੱਕ 100 ਕਿੱਲੋ ਟਨ ਉਤਪਾਦਨ ਸਮਰੱਥਾ ਦੇ ਨਾਲ ਪੰਜਾਬ ਨੂੰ ਗਰੀਨ ਹਾਈਡਰੋਜਨ/ ਅਮੋਨੀਆ ਦੇ ਉਤਪਾਦਨ ਵਿੱਚ ਮੋਹਰੀ ਸੂਬਾ ਬਣਾਉਣਾ ਹੈ। ਇਸ ਤੋਂ ਇਲਾਵਾ ਹਾਈਡਰੋਜਨ ਪੈਦਾ ਕਰਨ ਦੀਆਂ ਨਵੀਨਤਮ ਉਤਪਾਦਨ ਸਮਰੱਥਾਵਾਂ ਜਿਵੇਂ ਬਾਇਓ ਮਾਸ ਗੈਸੀਫਿਕੇਸ਼ਨ, ਸਟੀਮ ਮੀਥੇਨ ਰਿਫਾਰਮਿੰਗ, ਵੇਸਟ ਵਾਟਰ ਦੀ ਇਲੈਕਟਰੋਲਾਈਸਿਸ, ਹਾਈਡਰੋਜਨ ਫਿਊਲ ਬਲੈਂਡਿੰਗ ਆਦਿ ਵਿਕਸਤ ਕਰਨਾ ਹੈ।

ਪੇਡਾ ਦੇ ਸੀ ਈ ਓ. ਡਾ. ਅਮਰਪਾਲ ਸਿੰਘ ਨੇ

18-oct-PAGE-4-2.qxd 10/17/2023 10:43 PM Page 1

ਨਵਾਂ ਜ਼ਮਾਨਾ
ਬੁੱਧਵਾਰ, 18 ਅਕਤੂਬਰ 2023

ਨਿਊਜ਼ਕਲਿੱਕ ਵਿਰੁੱਧ ਕਾਰਵਾਈ ਦੀ ਨਿੰਦਾ

ਸਮਾਚਾਰ ਵੈੱਬਸਾਈਟ 'ਨਿਊਜ਼ਕਲਿੱਕ' ਵਿਰੁੱਧ ਮੋਦੀ ਸਰਕਾਰ ਦੀਆਂ ਵੈਰਭਾਵੀ ਕਾਰਵਾਈਆਂ ਹੁਣ ਕੌਮਾਂਤਰੀ ਪੱਧਰ 'ਤੇ ਚਰਚਾ ਦਾ ਵਿਸ਼ਾ ਬਣ ਚੁੱਕੀਆਂ ਹਨ। ਦੁਨੀਆ ਭਰ ਦੇ 175 ਦੇਸ਼ਾਂ ਦੀਆਂ ਨਾਗਰਿਕ ਸੰਸਥਾਵਾਂ ਦੇ ਸਾਂਝੇ ਮੰਚ 'ਸਿਵਿਕਸ' ਨੇ ਕਿਹਾ ਹੈ ਕਿ ਇਹ ਭਾਰਤ ਵਿੱਚ ਪ੍ਰੈੱਸ ਦੀ ਅਜ਼ਾਦੀ ਉੱਤੇ ਸਿੱਧਾ ਹਮਲਾ ਤੇ ਨਿਊਜ਼ਕਲਿੱਕ ਦੀ ਅਲੋਚਨਾਤਮਕ ਤੇ ਸੁਤੰਤਰ ਪੱਤਰਕਾਰਤਾ ਵਿਰੁੱਧ ਬਦਲੇ ਦੀ ਕਾਰਵਾਈ ਹੈ। ਇਸ ਵੈੱਬਸਾਈਟ 'ਤੇ ਯੂ ਏ ਪੀ ਏ ਤਹਿਤ ਦੋਸ਼ ਲਾਉਣਾ ਅਜ਼ਾਦ ਮੀਡੀਏ, ਕਾਰਕੁਨਾਂ ਤੇ ਨਾਗਰਿਕਾਂ ਨੂੰ ਚੁੱਪ ਕਰਾਉਣ ਤੇ ਪ੍ਰੇਸ਼ਾਨ ਕਰਨ ਦਾ ਇੱਕ ਬੇਸ਼ਰਮ ਯਤਨ ਹੈ।

'ਸਿਵਿਕਸ' ਨੇ ਭਾਰਤੀ ਅਧਿਕਾਰੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਗੈਰ-ਕਾਨੂੰਨੀ ਕਾਰਵਾਈਆਂ ਰੋਕੂ ਐਕਟ ਅਧੀਨ ਸਮਾਚਾਰ ਵੈੱਬਸਾਈਟ ਨਿਊਜ਼ਕਲਿੱਕ ਵਿਰੁੱਧ ਕਾਰਵਾਈਆਂ ਬੰਦ ਕਰਨ ਤੇ ਉਸ ਦੇ ਸੰਪਾਦਕ ਤੇ ਹੋਰ ਕਰਮਚਾਰੀਆਂ ਨੂੰ ਰਿਹਾਅ ਕਰ ਦੇਣ।

ਬੀਤੀ 3 ਅਕੂਤਬਰ ਨੂੰ ਦਿੱਲੀ ਪੁਲਸ ਦੇ ਸਪੈਸ਼ਲ ਸੈੱਲ ਨੇ ਨਿਊਜ਼ਕਲਿੱਕ ਦੇ ਚੀਫ਼ ਐਡੀਟਰ ਪ੍ਰਬੀਰ ਪੁਰਕਾਇਸਥ ਤੇ ਉਸ ਦੇ ਐੱਚ ਆਰ ਪ੍ਰਮੁੱਖ ਅਮਿਤ ਚੱਕਰਵਰਤੀ ਨੂੰ ਅੱਤਵਾਦ ਤੇ ਅਪਰਾਧਿਕ ਸਾਜ਼ਿਸ਼ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕਰ ਲਿਆ ਸੀ। ਇਸ ਤੋਂ ਪਹਿਲਾਂ ਪੁਲਸ ਨੇ ਨਿਊਜ਼ਕਲਿੱਕ ਨਾਲ ਜੁੜੇ ਪੱਤਰਕਾਰਾਂ, ਕਰਮਚਾਰੀਆਂ, ਸਲਾਹਕਾਰਾਂ ਤੇ ਸਹਿਯੋਗੀਆਂ ਦੇ 70 ਤੋਂ ਵੱਧ ਟਿਕਾਣਿਆਂ ਉੱਤੇ ਛਾਪੇ ਮਾਰ ਕੇ ਉਨ੍ਹਾਂ ਦੇ ਲੈਪਟਾਪ, ਕੰਪਿਊਟਰ ਤੇ ਮੋਬਾਇਲ ਆਦਿ ਜ਼ਬਤ ਕਰ ਲਏ ਸਨ। 'ਸਿਵਿਕਸ' ਦੁਨੀਆ ਦੀਆਂ ਨਾਗਰਿਕ ਸੰਸਥਾਵਾਂ ਦਾ ਸਭ ਤੋਂ ਵੱਡਾ ਪਲੇਟਫਾਰਮ ਹੈ, ਜਿਸ ਨਾਲ 10 ਹਜ਼ਾਰ ਤੋਂ ਵੱਧ ਨਾਗਰਿਕ ਸੰਸਥਾਵਾਂ ਜੁੜੀਆਂ ਹੋਈਆਂ ਹਨ। 'ਸਿਵਿਕਸ' ਦੀ ਕਾਨੂੰਨੀ ਮੁਹਿੰਮ ਦੇ ਆਗੂ ਡੇਵਿਡ ਕੋਡੇ ਨੇ ਕਿਹਾ ਹੈ ਕਿ ਨਿਊਜ਼ਕਲਿੱਕ ਵਿਰੁੱਧ ਇਹ ਕਾਰਵਾਈ ਬਦਲੇ ਦੀ ਭਾਵਨਾ ਵਾਲੀ ਹੈ। ਇੱਕ ਸਮਾਚਾਰ ਆਊਟਲੈੱਟ ਉੱਤੇ ਯੂ ਏ ਪੀ ਏ ਤਹਿਤ ਦੋਸ਼ ਲਾਉਣੇ ਉਸ ਦੇ ਨਾਲ ਜੁੜੇ ਵਿਅਕਤੀਆਂ ਨੂੰ ਚੁੱਪ ਕਰਾਉਣ ਦਾ ਘਿਨੌਣਾ ਕਾਰਜ ਹੈ। ਸਾਡੀ ਸੰਸਥਾ ਪ੍ਰਬੀਰ ਤੇ ਚੱਕਰਵਰਤੀ ਦੀ ਤੁਰੰਤ ਰਿਹਾਈ ਵੀ ਅਪੀਲ ਕਰਦੀ ਹੈ।

ਦਿੱਲੀ ਪੁਲਸ ਇਸ ਕੇਸ ਵਿੱਚ ਹੁਣ ਤੱਕ ਨਿਊਜ਼ਕਲਿੱਕ ਨਾਲ ਜੁੜੇ 46 ਪੱਤਰਕਾਰਾਂ ਤੋਂ ਪੁੱਛਗਿੱਛ ਕਰ ਚੁੱਕੀ ਹੈ। ਹਾਲੇ ਇਹ ਸਪੱਸ਼ਟ ਨਹੀਂ ਹੋਇਆ ਕਿ ਜਿਨ੍ਹਾਂ ਵਿਅਕਤੀਆਂ 'ਤੇ ਛਾਪੇ ਮਾਰੇ ਗਏ ਤੇ ਪੁੱਛਗਿੱਛ ਕੀਤੀ ਗਈ, ਉਨ੍ਹਾਂ ਉੱਤੇ ਕੀ ਦੋਸ਼ ਲਾਏ ਗਏ ਹਨ।

ਕੋਡੇ ਨੇ ਕਿਹਾ ਹੈ ਕਿ ਸੁਤੰਤਰ ਮੀਡੀਆ ਖ਼ਿਲਾਫ਼ ਇਹ ਕਾਰਵਾਈ ਭਾਰਤ ਵਿੱਚ ਨਾਗਰਿਕ ਅਜ਼ਾਦੀ ਤੇ ਪ੍ਰੈੱਸ ਦੀ ਅਜ਼ਾਦੀ ਵਿੱਚ ਗਿਰਾਵਟ ਦਾ ਇੱਕ ਪ੍ਰਤੱਖ ਪ੍ਰਮਾਣ ਹੈ। ਉਸ ਨੇ ਕਿਹਾ ਕਿ ਭਾਰਤੀ ਪ੍ਰਸ਼ਾਸਨ ਨੂੰ ਨਾਗਰਿਕ ਸਮਾਜ ਤੇ ਪੱਤਰਕਾਰਾਂ ਵਿਰੁੱਧ ਦਮਨਕਾਰੀ ਕਾਨੂੰਨਾਂ ਦੀ ਵਰਤੋਂ ਬੰਦ ਕਰਕੇ ਕੌਮਾਂਤਰੀ ਮਨੁੱਖੀ ਅਧਿਕਾਰਾਂ ਦੇ ਕਾਨੂੰਨਾਂ ਤੇ ਨਿਯਮਾਂ ਪ੍ਰਤੀ ਆਪਣੇ ਫਰਜ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

ਜੰਗ ਰੋਕਣ ਲਈ ਵਿਸ਼ਵ ਪੱਧਰ 'ਤੇ ਪਹਿਲਕਦਮੀ ਦੀ ਲੋੜ

ਇਜ਼ਰਾਈਲ 'ਤੇ ਹਮਾਸ ਦੇ ਹਿੰਸਕ ਹਮਲੇ, ਜਿਸ ਵਿਚ ਸੈਂਕੜੇ ਨਾਗਰਿਕ ਮਾਰੇ ਗਏ ਸਨ, ਨੇ ਪੂਰੀ ਦੁਨੀਆ ਨੂੰ ਹੈਰਾਨ ਕਰ ਦਿੱਤਾ ਸੀ। ਮਾਸੂਮ ਬੱਚਿਆਂ, ਔਰਤਾਂ ਅਤੇ ਮਰਦਾਂ ਨੂੰ ਮਾਰਨ ਦੀ ਵਹਿਸ਼ੀ ਕਾਰਵਾਈ ਦਾ ਕੋਈ ਵੀ ਸਮਰਥਨ ਨਹੀਂ ਕਰ ਸਕਦਾ। ਉਨ੍ਹਾਂ ਸੁਪਰ ਨੋਵਾ ਫੈਸਟੀਵਲ ਵਿਚ ਸ਼ਾਮਲ ਹੋਣ ਵਾਲੇ ਲੋਕਾਂ ਨੂੰ ਮਾਰ ਕੇ ਯੁੱਧ ਦੇ ਸਾਰੇ ਨਿਯਮਾਂ ਦੀ ਉਲੰਘਣਾ ਕੀਤੀ ਹੈ। ਨਾਗਰਿਕਾਂ ਨੂੰ ਬੰਧਕ ਬਣਾਉਣਾ ਮੁਆਫ ਨਹੀਂ ਕੀਤਾ ਜਾ ਸਕਦਾ, ਜਿਨ੍ਹਾਂ ਨੂੰ ਤੁਰੰਤ ਰਿਹਾਅ ਕੀਤਾ ਜਾਣਾ ਚਾਹੀਦਾ ਹੈ।

ਫਲਸਤੀਨੀ ਲੋਕ ਕਈ ਦਹਾਕਿਆਂ ਤੋਂ ਜਮਹੂਰੀ ਢੰਗ ਨਾਲ ਆਜ਼ਾਦੀ ਦੇ ਆਪਣੇ ਜਾਇਜ਼ ਹੱਕਾਂ ਲਈ ਸੰਘਰਸ਼ ਕਰ ਰਹੇ ਹਨ, ਪਰ ਉਨ੍ਹਾਂ ਨੂੰ ਲਗਾਤਾਰ ਇਜ਼ਰਾਈਲ ਦੀਆਂ ਸਰਕਾਰਾਂ ਦੇ ਹਮਲੇ ਦਾ ਸਾਹਮਣਾ ਕਰਨਾ ਪਿਆ ਹੈ। ਸੰਯੁਕਤ ਰਾਸ਼ਟਰ ਦੇ ਅੰਕੜਿਆਂ ਅਨੁਸਾਰ 2008 ਤੋਂ 2020 ਤੱਕ ਹਿੰਸਕ ਸੰਘਰਸ਼ ਵਿੱਚ ਮਾਰੇ ਗਏ ਲੋਕਾਂ ਵਿੱਚ 5590 ਫਲਸਤੀਨੀ ਅਤੇ 251 ਇਜ਼ਰਾਈਲੀ ਸ਼ਾਮਲ ਹਨ। ਅਜ਼ਾਦੀ ਅਤੇ ਅਧਿਕਾਰਾਂ ਤੋਂ ਇਨਕਾਰ ਕਈ ਵਾਰ ਦੁਖੀ ਲੋਕਾਂ ਵਿੱਚ ਖਾੜਕੂ ਸੰਗਠਨਾਂ ਦੇ ਉਭਾਰ ਦਾ ਕਾਰਨ ਬਣਦਾ ਹੈ। ਹਾਲਾਂਕਿ ਉਨ੍ਹਾਂ ਦੀਆਂ ਕਾਰਵਾਈਆਂ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਹਰ ਮਨੁੱਖ ਦੀ ਜਾਨ ਕੀਮਤੀ ਹੈ।

ਇਜ਼ਰਾਈਲ ਨੇ ਬਦਲੇ ਵਜੋਂ ਗਾਜ਼ਾ ਪੱਟੀ ਦੇ ਆਲੇ-ਦੁਆਲੇ ਘੇਰਾਬੰਦੀ ਕਰ ਦਿੱਤੀ ਹੈ ਅਤੇ ਪਾਣੀ ਦੀ ਸਪਲਾਈ, ਬਿਜਲੀ ਸਪਲਾਈ, ਰਾਸ਼ਨ ਇੱਥੋਂ ਤੱਕ ਕਿ ਦਵਾਈਆਂ ਵੀ ਬੰਦ ਕਰ ਦਿੱਤੀਆਂ ਹਨ, ਇਹ ਸਮੁੱਚੀ ਮਨੁੱਖਤਾ ਲਈ ਇੱਕ ਚੁਣੌਤੀ ਹੈ। ਇਹ ਲੋਕਾਂ ਦੇ ਸਮੂਹਿਕ ਕਤਲ ਦੇ ਬਰਾਬਰ ਹੈ। ਗਾਜ਼ਾ ਵਿੱਚ ਬੱਚੇ ਅੱਧੀ ਆਬਾਦੀ ਬਣਦੇ ਹਨ ਅਤੇ ਅਜਿਹੇ ਹਾਲਾਤ ਵਿੱਚ ਉਹ ਵਧੇਰੇ ਖਤਰੇ 'ਚ ਹੁੰਦੇ ਹਨ। ਸਥਿਤੀ ਨੂੰ ਹੋਰ ਖਰਾਬ ਕਰਨ ਲਈ ਇਜ਼ਰਾਈਲ ਨੇ 11 ਲੱਖ ਫਲਸਤੀਨੀਆਂ ਨੂੰ ਉੱਤਰੀ ਗਾਜ਼ਾ ਖਾਲੀ ਕਰਨ ਦਾ ਆਦੇਸ਼ ਦਿੱਤਾ ਹੈ। ਗਾਜ਼ਾ ਪੱਟੀ ਜ਼ਮੀਨ ਦਾ ਇੱਕ ਛੋਟਾ ਜਿਹਾ ਟੁਕੜਾ ਹੈ, ਜਿਸਦੀ ਆਬਾਦੀ ਘਣਤਾ 6300 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੈ। ਇਹ ਪਾਬੰਦੀਆਂ ਅਤੇ ਜ਼ਬਰਦਸਤੀ ਨਿਕਾਸੀ ਹਜ਼ਾਰਾਂ ਲੋਕਾਂ, ਖਾਸ ਕਰਕੇ ਬੱਚਿਆਂ ਦੀ ਭੁੱਖਮਰੀ ਅਤੇ ਮੌਤ ਦਾ ਕਾਰਨ ਬਣੇਗੀ। ਸਾਨੂੰ ਉਹ ਪਾਬੰਦੀਆਂ ਯਾਦ ਹਨ, ਜੋ ਅਮਰੀਕਾ ਨੇ 2003 ਵਿੱਚ ਯੁੱਧ ਤੋਂ ਬਾਅਦ ਇਰਾਕ ਨੂੰ ਦਵਾਈਆਂ ਦੀ ਸਪਲਾਈ 'ਤੇ ਲਗਾਈਆਂ ਸਨ। ਇਨ੍ਹਾਂ ਪਾਬੰਦੀਆਂ ਕਾਰਨ ਡਾਕਟਰੀ ਸਹਾਇਤਾ ਦੀ ਘਾਟ ਕਾਰਨ ਕਈ ਹਜ਼ਾਰ ਬੱਚਿਆਂ ਦੀ ਮੌਤ ਹੋ ਗਈ ਸੀ। ਲੈਂਸੇਟ ਦੇ ਇੱਕ ਸਰਵੇਖਣ ਅਨੁਸਾਰ ਮਾਰਚ 2003 ਤੋਂ ਜੂਨ 2006 ਦਰਮਿਆਨ ਇਰਾਕ ਵਿੱਚ 6,54,965 ਤੋਂ ਵੱਧ ਮੌਤਾਂ ਹੋਈਆਂ।

ਪਾਬੰਦੀਆਂ ਲਗਾ ਕੇ ਅਤੇ ਗਾਜ਼ਾ 'ਤੇ ਜ਼ਮੀਨੀ ਹਮਲਾ ਕਰਨ ਨਾਲ ਇਜ਼ਰਾਈਲ ਹਮਾਸ ਦੇ ਕੁਝ ਮੈਂਬਰਾਂ ਨੂੰ ਖਤਮ ਕਰਨ ਵਿਚ ਸਫਲ ਹੋ ਸਕਦਾ ਹੈ, ਪਰ ਗਾਜ਼ਾ ਵਿਚ ਇਨ੍ਹਾਂ ਕੁਝ ਦਿਨਾਂ ਵਿਚ ਮਰਨ ਵਾਲੇ ਨਾਗਰਿਕਾਂ ਦੀ ਗਿਣਤੀ ਪਹਿਲਾਂ ਹੀ 2500 ਨੂੰ ਪਾਰ ਕਰ ਗਈ ਹੈ, ਜਿਨ੍ਹਾਂ ਵਿਚ ਲਗਭਗ 700 ਬੱਚੇ ਸ਼ਾਮਲ ਹਨ। 9000 ਦੇ ਕਰੀਬ ਲੋਕ ਜ਼ਖਮੀ ਹੋਏ ਹਨ। ਕਈ ਹਜ਼ਾਰਾਂ ਲੋਕ ਬੇਘਰ ਹੋ ਗਏ ਹਨ, ਕਿਉਂਕਿ ਉਨ੍ਹਾਂ ਦੇ ਘਰ ਬੰਬਾਰੀ ਨਾਲ ਢਹਿ ਗਏ ਹਨ। ਉਹ ਹਮਾਸ ਦੇ ਮੈਂਬਰ ਨਹੀਂ, ਸਗੋਂ ਬੱਚਿਆਂ ਸਮੇਤ ਆਮ ਨਾਗਰਿਕ ਹਨ।

ਡਾ. ਅਰੁਣ ਮਿੱਤਰਾ

ਅਜਿਹੀ ਚੱਲ ਰਹੀ ਮਾਨਵਤਾ ਵਿਰੋਧੀ ਤਬਾਹੀ ਕਾਰਨ ਦੁਨੀਆਂ ਦੇ ਹਰੇਕ ਨਾਗਰਿਕ ਦੀ ਚੇਤਨਾ ਨੂੰ ਹਿਲਾ ਦੇਣਾ ਚਾਹੀਦਾ ਸੀ। ਦੁਨੀਆ ਦੇ ਦੇਸ਼ਾਂ ਨੂੰ ਸ਼ਾਂਤੀ ਨੂੰ ਮਜ਼ਬੂਤ ਕਰਨ ਲਈ ਤੁਰੰਤ ਅੱਗੇ ਵਧਣਾ ਚਾਹੀਦਾ ਸੀ ਅਤੇ ਹਮਾਸ ਦੇ ਖਿਲਾਫ ਕੋਈ ਵੀ ਕਾਰਵਾਈ ਯੂ ਐਨ ਓ ਦੇ ਅਧੀਨ ਕੀਤੀ ਜਾਣੀ ਚਾਹੀਦੀ ਸੀ, ਪਰ ਬਦਕਿਸਮਤੀ ਦੀ ਗੱਲ ਹੈ ਕਿ ਵਿਸ਼ਵ ਰਾਏ ਪੂਰੀ ਤਰ੍ਹਾਂ ਵੰਡੀ ਹੋਈ ਹੈ। ਅਮਰੀਕੀ ਸਰਕਾਰ ਨਾ ਸਿਰਫ ਇਜ਼ਰਾਈਲ ਦਾ ਸਹੀ ਸਮਰਥਨ

ਕਰ ਰਹੀ ਹੈ, ਸਗੋਂ ਉਨ੍ਹਾਂ ਨੂੰ ਲੜਾਕੂ ਜਹਾਜ਼ਾਂ ਸਮੇਤ ਅਤਿ-ਆਧੁਨਿਕ ਹਥਿਆਰਾਂ ਦੀ ਸਪਲਾਈ ਵੀ ਕਰ ਰਹੀ ਹੈ। ਇਹ ਸਿਰਫ ਹਿੰਸਾ ਨੂੰ ਹੋਰ ਵਧਾਉਣ ਲਈ ਹਨ। ਅਮਰੀਕੀ ਪ੍ਰਸ਼ਾਸਨ ਸ਼ਾਂਤੀ ਦੀ ਗੱਲ ਕਰਨ ਦੀ ਬਜਾਏ ਇਜ਼ਰਾਈਲ ਦੁਆਰਾ ਭੜਕਾਈ ਹਿੰਸਾ ਦਾ ਲਗਾਤਾਰ ਸਮਰਥਨ ਕਰ ਰਿਹਾ ਹੈ ਅਤੇ ਇਸ ਨੂੰ ਆਪਣੀ ਰੱਖਿਆ ਕਰਨਾ ਆਪਣਾ ਫਰਜ਼ ਦੱਸ ਰਿਹਾ ਹੈ।

ਇਸ ਪਾਗਲਾਨਾ ਯੁੱਧ ਨੂੰ ਖਤਮ ਕਰਨ ਦੀ ਮੰਗ ਨੂੰ ਲੈ ਕੇ ਦੁਨੀਆ ਦੇ ਕੁਝ ਹਿੱਸਿਆਂ ਵਿਚ ਵਿਰੋਧ ਪ੍ਰਦਰਸ਼ਨ ਹੋਏ ਹਨ, ਪਰ ਇਨ੍ਹਾਂ ਪ੍ਰਦਰਸ਼ਨਾਂ ਦੀ ਗਿਣਤੀ ਬਹੁਤ ਘੱਟ ਹੈ। ਭਾਰਤ ਕਿਸੇ ਸਮੇਂ ਗੁੱਟ-ਨਿਰਲੇਪ ਅੰਦੋਲਨ ਦਾ ਨੇਤਾ ਸੀ ਅਤੇ ਫਲਸਤੀਨੀ ਲੋਕਾਂ ਦੇ ਜਾਇਜ਼ ਅਧਿਕਾਰਾਂ 'ਤੇ ਹਮੇਸ਼ਾ ਮਜ਼ਬੂਤ ਸਟੈਂਡ ਲੈਂਦਾ ਸੀ। ਇੱਥੋਂ ਤੱਕ ਕਿ ਅਟਲ ਬਿਹਾਰੀ ਵਾਜਪਾਈ ਨੇ ਵੀ ਫਲਸਤੀਨੀ ਲੋਕਾਂ ਲਈ ਦ੍ਰਿੜ੍ਹਤਾ ਨਾਲ ਗੱਲ ਕੀਤੀ ਸੀ। ਉਸ ਅਕਸ ਨਾਲ ਭਾਰਤ ਖੇਤਰ ਵਿੱਚ ਸ਼ਾਂਤੀ ਬਹਾਲ ਕਰਨ ਵਿੱਚ ਸਕਾਰਾਤਮਕ ਭੂਮਿਕਾ ਨਿਭਾ ਸਕਦਾ ਸੀ, ਪਰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੂੰ ਇਹ ਭਰੋਸਾ ਦਿਵਾਇਆ ਗਿਆ ਹੈ ਕਿ ਭਾਰਤ ਇਜ਼ਰਾਈਲ ਦੇ ਨਾਲ ਮਜ਼ਬੂਤੀ ਨਾਲ ਖੜ੍ਹਾ ਹੈ। ਇਸ ਨੇ ਸਾਨੂੰ ਉਸ ਮੁਕਾਮ 'ਤੇ ਪਹੁੰਚਾ ਦਿੱਤਾ ਹੈ, ਜਿੱਥੇ ਅਸੀਂ ਸ਼ਾਂਤੀ ਨਿਰਮਾਤਾ ਵਜੋਂ ਆਪਣਾ ਅਕਸ ਗੁਆ ਚੁੱਕੇ ਹਾਂ। ਅਸੀਂ ਜੀ-20 ਸਪੀਕਰਾਂ ਦੀ ਮੀਟਿੰਗ ਵਿੱਚ ਇਸ ਮੁੱਦੇ ਨੂੰ ਚੰਗੀ ਤਰ੍ਹਾਂ ਉਠਾ ਸਕਦੇ ਸੀ। ਪ੍ਰਧਾਨ ਮੰਤਰੀ ਮੋਦੀ ਦੀ ਇਜ਼ਰਾਈਲ ਨੂੰ ਖੁੱਲ੍ਹੀ ਹਮਾਇਤ ਤੋਂ ਸੰਕੇਤ ਲੈਂਦਿਆਂ ਉਨ੍ਹਾਂ ਦੀ ਭਗਤ ਮੰਡਲੀ ਮਾਮੂਲੀ ਚੋਣ ਲਾਭ ਲਈ ਮੁਸਲਮਾਨਾਂ ਵਿਰੁੱਧ ਬਿਆਨਬਾਜ਼ੀ ਫੈਲਾ ਰਹੀ ਹੈ।

ਮੌਜੂਦਾ ਵਿਸ਼ਵ ਸਥਿਤੀ ਨੂੰ ਵਿਸ਼ਵ ਨੇਤਾਵਾਂ ਦੀ ਸੂਝ-ਬੂਝ ਵਾਲੀ ਕੂਟਨੀਤਕ ਪਹੁੰਚ ਦੀ ਲੋੜ ਹੈ, ਪਰ ਅਜਿਹਾ ਹੁੰਦਾ ਨਜ਼ਰ ਨਹੀਂ ਆ ਰਿਹਾ। ਇਸ ਸਮੇਂ ਕਈ ਥਾਵਾਂ 'ਤੇ ਹਿੰਸਕ ਝੜਪਾਂ ਚੱਲ ਰਹੀਆਂ ਹਨ। ਰੂਸ ਅਤੇ ਯੂਕਰੇਨ ਵਿੱਚ ਪਿਛਲੇ ਡੇਢ ਸਾਲ ਤੋਂ ਵੱਧ ਸਮੇਂ ਤੋਂ ਵਿਵਾਦ ਚੱਲ ਰਿਹਾ ਹੈ। ਹੁਣੇ-ਹੁਣੇ ਅਸੀਂ ਹਥਿਆਰਬੰਦ ਸੰਘਰਸ਼ ਦੇਖੇ ਹਨ, ਜਿਸ ਕਾਰਨ 30,000 ਬੱਚਿਆਂ ਸਮੇਤ ਨਾਗੋਰਨੋ-ਕਰਾਬਾਖ ਤੋਂ 1,00,632 ਤੋਂ ਵੱਧ ਲੋਕਾਂ ਨੂੰ ਜਬਰੀ ਉਜਾੜੇ ਦਾ ਸਾਹਮਣਾ ਕਰਨਾ ਪਿਆ, ਯਾਨੀ ਕਿ ਲਗਭਗ 15,000 ਲੋਕ ਹਰ ਰੋਜ਼ 24 ਸਤੰਬਰ ਤੋਂ 4 ਅਕਤੂਬਰ ਦੇ ਵਿਚਕਾਰ ਅਰਮੇਨੀਆ ਪਹੁੰਚੇ।

ਭਰੋਸੇ ਦੀ ਘਾਟ ਅੱਜਕੱਲ੍ਹ ਏਨੀ ਜ਼ਿਆਦਾ ਹੈ ਕਿ ਜਦੋਂ ਕਿ ਅਜਰਬਾਈਜਾਨ ਨੇ ਇਸ ਖੇਤਰ ਵਿੱਚ ਨਸਲੀ ਅਰਮੀਨੀਆਈ ਲੋਕਾਂ ਦੇ ਅਧਿਕਾਰਾਂ ਦਾ ਸਨਮਾਨ ਕਰਨ ਦਾ ਵਾਅਦਾ ਕੀਤਾ ਹੈ, ਬਹੁਤੇ ਹੁਣ ਉਥੇ ਰਹਿਣਾ ਨਹੀਂ ਚਾਹੁੰਦੇ ਤੇ ਪਲਾਇਨ ਕਰ ਰਹੇ ਹਨ, ਕਿਉਂਕਿ ਉਹ ਵਿਸ਼ਵਾਸ ਨਹੀਂ ਕਰਦੇ ਹਨ ਕਿ ਅਜਰਬਾਈਜਾਨ ਅਧਿਕਾਰੀ ਉਨ੍ਹਾਂ ਨਾਲ ਨਿਰਪੱਖ ਅਤੇ ਮਾਨਵਤਾ ਨਾਲ ਪੇਸ਼ ਆਉਣਗੇ ਜਾਂ ਉਨ੍ਹਾਂ ਦੀ ਭਾਸ਼ਾ ਦੀ ਗਾਰੰਟੀ ਦੇਣਗੇ।

ਇਸੇ ਤਰ੍ਹਾਂ ਦੀ ਸਥਿਤੀ ਸੀਰੀਆ ਵਿੱਚ ਰਹੀ ਹੈ, ਜਿੱਥੇ ਹਜ਼ਾਰਾਂ ਔਰਤਾਂ ਅਤੇ ਬੱਚਿਆਂ ਸਮੇਤ ਗੈਰ-ਲੜਾਕੂ ਨਾਗਰਿਕ ਮਾਰੇ ਗਏ ਹਨ। ਲੱਖਾਂ ਲੋਕ ਜਾਨਾਂ ਬਚਾਉਣ ਲਈ ਆਪਣੇ ਘਰ ਛੱਡ ਕੇ ਚਲੇ ਗਏ ਹਨ।

ਇਹ ਚਿੰਤਾਜਨਕ ਹੈ ਕਿ ਮਨੁੱਖ ਆਪਣੇ ਮੁੱਢ ਤੋਂ ਹੀ ਜਾਨਵਰਾਂ ਵਾਂਗ ਆਪਸ ਵਿੱਚ ਲੜ ਰਹੇ ਹਨ। ਉਹ ਔਰਤਾਂ ਅਤੇ ਜਵਾਨ ਮਾਵਾਂ ਦੇ ਬੱਚਿਆਂ ਨੂੰ ਵੀ ਮਾਰਨ ਤੋਂ ਨਹੀਂ ਝਿਜਕਦੇ। ਕਈ ਵਾਰੀ ਇਹ ਜਾਪਦਾ ਹੈ ਕਿ ਜਾਨਵਰ ਕੁਝ ਤਰੀਕਿਆਂ ਨਾਲ ਬਿਹਤਰ ਹੁੰਦੇ ਹਨ।

ਵਿਡੰਬਨਾ ਇਹ ਹੈ ਕਿ ਪ੍ਰਭਾਵਸ਼ਾਲੀ ਉਪਾਅ ਕਰਨ ਅਤੇ ਜੰਗ ਨੂੰ ਰੋਕਣ ਲਈ ਦਬਾਅ ਪਾਉਣ ਦੀ ਬਜਾਏ ਬਹੁਤ ਸਾਰੇ ਦੇਸ਼ ਇਸ ਮੌਤ ਦੇ ਨਾਚ ਦੇ ਮੂਕ ਦਰਸਕ ਹਨ। ਫਲਸਤੀਨ ਨਾਲ ਸੱਭਿਆਚਾਰਕ, ਖੇਤਰੀ ਅਤੇ ਭਾਸ਼ਾ ਦੀ ਸਾਂਝ ਰੱਖਣ ਵਾਲੇ ਅਰਬ ਦੇਸ ਸਿਰਫ ਮੂੰਹ ਦੀ ਸੇਵਾ ਕਰ ਰਹੇ ਹਨ। ਉਹਨਾਂ 1967 ਵਿੱਚ ਅਰਬ ਦੇਸ਼ਾਂ ਵਿੱਚ ਇਜ਼ਰਾਈਲੀ ਹਮਲੇ ਦੇ ਸਮੇਂ ਤੋਂ ਲੈ ਕੇ ਹੁਣ ਤੱਕ ਖੇਤਰ ਵਿੱਚ ਸ਼ਾਂਤੀ ਲਈ ਗੰਭੀਰ ਕੋਸ਼ਿਸ਼ਾਂ ਨਹੀਂ ਕੀਤੀਆਂ। ਇਹ ਸਭ ਨੂੰ ਪਤਾ ਹੈ ਕਿ ਹਮਾਸ ਨੂੰ 1980 ਦੇ ਦਹਾਕੇ ਵਿੱਚ ਇਜ਼ਰਾਈਲੀ ਸਰਕਾਰ ਦੁਆਰਾ ਬਣਾਇਆ ਗਿਆ ਸੀ, ਤਾਂ ਜੋ 1980 ਦੇ ਦਹਾਕੇ ਵਿੱਚ ਫਲਸਤੀਨੀ ਲਿਬਰੇਸ਼ਨ ਆਰਗੇਨਾਈਜੇਸ਼ਨ (ਪੀ ਐੱਲ ਓ) ਦੇ ਆਗੂ ਯਾਸਰ ਅਰਾਫਾਤ ਵਲੋਂ ਧਰਮ ਨਿਰਪੱਖ ਤੇ ਜਮਹੂਰੀ ਢੰਗ ਨਾਲ ਕੀਤੇ ਜਾ ਰਹੇ ਕੂਟਨੀਤਕ ਯਤਨਾਂ ਨੂੰ ਕਮਜ਼ੋਰ ਕੀਤਾ ਜਾ ਸਕੇ। ਸ੍ਰੀਮਤੀ ਹਨਾਨ ਅਸਰਾਵੀ ਉਸ ਸਮੇਂ ਅਣਸੁਲਝੇ ਮੁੱਦਿਆਂ ਦੇ ਸ਼ਾਂਤੀਪੂਰਨ ਹੱਲ ਲਈ ਇੱਕ ਸਰਗਰਮ ਪ੍ਰਚਾਰਕ ਸਨ।

ਫਲਸਤੀਨੀਆਂ ਵਿੱਚ ਹਾਰ ਦੀ ਨਿਰਾਸ਼ਾ ਅਤੇ ਨਾ-ਉਮੀਦੀ ਦੀ ਭਾਵਨਾ ਅਤੇ ਵਿਸ਼ਵ ਭਾਈਚਾਰੇ ਤੋਂ ਘਟਦੀ ਹਮਾਇਤ ਫਲਸਤੀਨੀ ਲੋਕਾਂ ਵਿੱਚ ਖਾੜਕੂ ਤਾਕਤਾਂ ਦੇ ਉਭਾਰ ਦਾ ਕਾਰਨ ਬਣ ਗਈ, ਇਸ ਹੱਦ ਤੱਕ ਕਿ ਹਮਾਸ ਨੂੰ ਲੋਕਤੰਤਰੀ ਤਰੀਕਿਆਂ ਨਾਲ ਸੱਤਾ ਵਿੱਚ ਚੁਣਿਆ ਗਿਆ।

ਚੱਲ ਰਹੀਆਂ ਭਿਆਨਕ ਘਟਨਾਵਾਂ ਵਿਸ਼ਵ ਲਈ ਗੱਲਬਾਤ ਦੇ ਮੌਕੇ ਦਾ ਫਾਇਦਾ ਉਠਾਉਣ ਲਈ ਅੱਖਾਂ ਖੋਲ੍ਹਣ ਵਾਲੀਆਂ ਹੋਣੀਆਂ ਚਾਹੀਦੀਆਂ ਹਨ। ਭਾਰਤ ਅਜੇ ਵੀ ਲੀਡ ਲੈ ਸਕਦਾ ਹੈ। ਸੰਯੁਕਤ ਰਾਸ਼ਟਰ ਨੂੰ ਤੁਰੰਤ ਦਖਲ ਦੇਣਾ ਚਾਹੀਦਾ ਹੈ। ਅੱਛੀ ਗੱਲ ਹੈ ਕਿ ਹੁਣ

18-OCT-PAGE-5.qxd 10/17/2023 10:37 PM Page 1

ਸਰਕਾਰ ਦੀਆਂ ਮਜ਼ਦੂਰ-ਮੁਲਾਜ਼ਮ ਨੀਤੀਆਂ ਖਿਲਾਫ ਇੱਕਮੁੱਠ ਹੋਣ ਦੀ ਲੋੜ : ਬੰਤ ਬਰਾੜ

ਰਾਜਪੁਰਾ (ਰਮੇਸ਼ ਕਟਾਰੀਆ)-ਕਾਮਰੇਡ ਸਤਨਾਮ ਸਿੰਘ ਛਲੇੜੀ ਦੀ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਤੀਜਾ ਟਰੇਡ ਯੂਨੀਅਨ ਜਾਗ੍ਰਿਤੀ ਸਕੂਲ ਰਾਜਪੁਰਾ ਦੇ ਮਾਇਆ ਪੈਲੇਸ ਵਿਖੇ ਲਗਾਇਆ ਗਿਆ। ਇਸ ਸਕੂਲ ਵਿੱਚ ਸੈਂਕੜੇ ਸਾਥੀਆਂ ਨੇ ਮੌਸਮ ਖਰਾਬ ਹੋਣ ਦੇ ਬਾਵਜੂਦ ਹਿੱਸਾ ਲਿਆ। ਇਸ ਸਕੂਲ ਦੀ ਸ਼ੁਰੂਆਤ ਐਫੀ ਆਗੂ ਕਾਮਰੇਡ ਨਰਿੰਦਰ ਸੈਣੀ ਵੱਲੋਂ ਉਦਘਾਟਨੀ ਭਾਸ਼ਣ ਸ਼ੁਰੂ ਕਰਕੇ ਸਾਥੀ ਸਤਨਾਮ ਸਿੰਘ ਛਲੇੜੀ ਦੇ ਜੀਵਨ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ ਗਿਆ ਅਤੇ ਉਨ੍ਹਾ ਦੇ ਸੰਘਰਸ਼ਾਂ ਵਿੱਚ ਪਾਏ ਗਏ ਯੋਗਦਾਨ ਬਾਰੇ ਜਾਣਕਾਰੀ ਦਿੱਤੀ। ਸਕੂਲ ਵਿੱਚ ਮੁੱਖ ਅਧਿਆਪਕ ਦੇ ਤੌਰ 'ਤੇ ਕਾਮਰੇਡ ਬੰਤ ਸਿੰਘ ਬਰਾੜ ਵੱਲੋਂ ਅੱਜ ਦੇ ਹਾਲਾਤਾਂ ਉਤੇ ਭਰਭੂਰ ਚਰਚਾ ਕਰਦਿਆਂ ਦੱਸਿਆ ਕਿ ਦੇਸ਼ ਵਿੱਚ ਮੋਦੀ ਸਰਕਾਰ ਧਰਮ ਤੇ ਜਾਤ ਦੇ ਨਾਮ 'ਤੇ ਲੋਕਾਂ ਨੂੰ ਲੜਾਇਆ ਜਾ ਰਿਹਾ ਹੈ। ਮਜ਼ਦੂਰਾਂ ਦੀਆਂ ਮੰਗਾਂ ਮੰਨਣ ਦੀ ਬਜਾਏ ਲੇਬਰ ਕਾਨੂੰਨਾਂ ਨਾਲ ਛੇੜਛਾੜ ਕਰਕੇ ਮਜ਼ਦੂਰਾਂ ਦੇ ਹੱਕਾਂ ਵਿੱਚ ਭੁਗਤਣ ਵਾਲੇ ਕਾਨੂੰਨਾਂ ਨੂੰ ਖਤਮ ਕੀਤਾ ਗਿਆ ਹੈ। ਇਸੇ ਹੀ ਤਰਜ਼ 'ਤੇ ਪੰਜਾਬ ਸਰਕਾਰ ਵੀ ਲਾਰੇ ਲੱਪੇ ਲਾ ਰਹੀ ਹੈ ਤੇ ਸਰਕਾਰੀ ਅਦਾਰਿਆਂ ਨੂੰ ਖਤਮ ਕਰਕੇ ਧਨਾਢ ਲੋਕਾਂ ਨੂੰ ਫਾਇਦਾ ਪਹੁੰਚਾਇਆ ਜਾ ਰਿਹਾ ਹੈ। ਇਨ੍ਹਾਂ ਸਾਰੇ ਹਮਲਿਆਂ ਨੂੰ ਰੋਕਣ ਲਈ ਇੱਕਜੁੱਟ ਹੋ ਕੇ ਲੜਨ ਦੀ ਲੋੜ ਹੈ। ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਦੇ ਵਰਕਿੰਗ ਪ੍ਰਧਾਨ ਸਾਥੀ ਗੁਰਵਿੰਦਰ ਸਿੰਘ ਰੋਪੜ ਸਾਥੀ ਸੁਰਿੰਦਰਪਾਲ ਸਿੰਘ ਲਹੌਰੀਆ ਜਰਨਲ ਸਕੱਤਰ ਬਲਵਿੰਦਰ ਸਿੰਘ ਉਦੀਪੁਰ ਮੀਤ ਪ੍ਰਧਾਨ ਸਾਥੀ ਗੁਰਧਿਆਨ ਸਿੰਘ ਸਕੱਤਰ ਦਰਸ਼ਨ ਲਾਲ ਮੋਗਾ ਡਿਪਟੀ ਜਰਨਲ ਸਕੱਤਰ ਸਾਥੀ ਬਲਜਿੰਦਰ ਕੌਰ ਸਕੱਤਰ ਪੰਜਾਬ ਨੇ ਸੰਬੋਧਨ ਕਰਦੇ ਹੋਏ ਦੱਸਿਆ ਕਿ ਮੈਨੇਜਮੈਂਟ ਸਰਕਾਰ ਮੰਗਾਂ ਮੰਨਣ ਦੀ ਬਜਾਏ ਐਸਮਾ ਵਰਗੇ ਕਾਨੂੰਨ ਲਗਾ ਕੇ ਮੁਲਾਜ਼ਮਾਂ ਦੇ ਸੰਘਰਸ਼ਾਂ ਨੂੰ ਦਬਾਇਆ ਜਾ ਰਿਹਾ ਹੈ। ਪੇ ਸਕੇਲਾਂ ਦਾ ਬਕਾਇਆ ਏਰੀਅਰ ਤੇ ਡੀ ਏ ਨਹੀਂ ਦਿੱਤਾ ਜਾ ਰਿਹਾ, ਕੱਚੇ ਕਾਮਿਆਂ ਨੂੰ ਪੱਕੇ ਨਹੀਂ ਕੀਤਾ ਜਾ ਰਿਹਾ ਤੇ ਇਨ੍ਹਾਂ ਸਾਰੀਆਂ ਮੰਗਾਂ ਮੰਨਵਾਉਣ ਲਈ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਸੰਘਰਸ਼ ਕਰ ਰਹੀ ਹੈ।

ਕੌਮੀ ਆਗੂ ਸਾਥੀ ਹਰਭਜਨ ਸਿੰਘ ਪਿਲਖਣੀ ਨੇ ਟਰੇਡ ਯੂਨੀਅਨ ਸਕੂਲ ਦੀ ਅਗਵਾਈ ਕਰਦੇ ਹੋਏ ਕਿਹਾ ਕਿ ਅਜਿਹੇ ਸਕੂਲ ਜਥੇਬੰਦੀ ਨੂੰ ਮਜ਼ਬੂਤ ਕਰਦੇ ਹਨ ਤੇ ਜਥੇਬੰਦੀ ਦੀ ਮੈਂਬਰਸ਼ਿਪ ਵਿੱਚ ਵਾਧਾ ਹੁੰਦਾ ਹੈ। ਉਨ੍ਹਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ, ਕੱਚੇ ਕਾਮਿਆਂ ਨੂੰ ਪੱਕੇ ਕੀਤਾ ਜਾਵੇ, ਪਰਵਿਜ਼ਨਲ ਪੀਰਡ ਬੰਦ ਕਰਕੇ ਪੂਰੀ ਤਨਖਾਹ ਦਿੱਤੀ ਜਾਵੇ।

ਸਾਬਕਾ ਕਾਂਗਰਸੀ ਵਿਧਾਇਕ ਕੁਲਬੀਰ ਜ਼ੀਰਾ ਗ੍ਰਿਫਤਾਰ

ਜ਼ੀਰਾ (ਨਰਿੰਦਰ ਅਨੇਜਾ)

ਪੰਜਾਬ ਕਾਂਗਰਸ ਦੇ ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਨੂੰ ਫਿਰੋਜ਼ਪੁਰ ਪੁਲਸ ਨੇ ਸਵੇਰੇ 5 ਵਜੇ ਗ੍ਰਿਫਤਾਰ ਕੀਤਾ ਹੈ।ਪੁਲਸ ਨੇ ਉਸ ਨੂੰ ਘਰੋਂ ਚੁੱਕ ਲਿਆ।ਇਸ ਤੋਂ ਬਾਅਦ ਉਸ ਨੂੰ ਡਿਊਟੀ ਮੈਜਿਸਟਰੇਟ ਦੇ ਸਾਹਮਣੇ ਪੇਸ਼ ਕਰਕੇ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ।ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਬੀਡੀਪੀਓ ਦਫ਼ਤਰ ਵਿੱਚ ਧਰਨਾ ਦੇਣ ਅਤੇ ਕੰਮ ਵਿੱਚ ਵਿਘਨ ਪਾਉਣ ਦੇ ਦੋਸ਼ ਵਿੱਚ ਜ਼ੀਰਾ ਖ਼ਿਲਾਫ਼ ਐੱਫ ਆਈ ਆਰ ਦਰਜ ਕੀਤੀ ਗਈ ਸੀ। ਉਸੇ ਪਰਚੇ ਤਹਿਤ ਸੁਬ੍ਹਾ 4:30 ਵਜੇ ਦੇ ਕਰੀਬ ਆਪਣੀ ਗੱਡੀ ਵਿੱਚ ਘਰੋਂ ਸੰਗਰਾਂਦ ਮੌਕੇ ਬਾਬਾ ਬੁੱਢਾ ਸਾਹਿਬ ਜਾਣ ਲਈ ਚੱਲੇ ਸੀ, ਉਸੇ ਵਕਤ ਡੀ ਐੱਸ ਪੀ ਜ਼ੀਰਾ ਤੇ ਪੁਲਸ ਮੁਲਾਜ਼ਮ ਨੇ ਉਨ੍ਹਾਂ ਨੂੰ ਘੇਰ ਕੇ ਗ੍ਰਿਫਤਾਰ ਕਰ ਲਿਆ ਤੇ ਅਦਾਲਤ ਵਿੱਚ ਪੇਸ਼ ਕੀਤਾ, ਮਾਨਯੋਗ ਅਦਾਲਤ ਨੇ 31 ਅਕਤੂਬਰ ਤੱਕ ਉਨ੍ਹਾਂ ਨੂੰ ਜੇਲ੍ਹ ਵਿੱਚ ਭੇਜ ਦਿੱਤਾ। ਕੁਲਬੀਰ ਜ਼ੀਰਾ ਦੀ ਗ੍ਰਿਫਤਾਰੀ ਵਿਰੁੱਧ ਉਨ੍ਹਾਂ ਦੇ ਸਮਰਥਕਾਂ ਨੇ ਪੰਜਾਬ ਪੁਲਸ ਅਤੇ ਪੰਜਾਬ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ। ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਤੇ ਐੱਮ ਐੱਲ ਏ ਨਰੇਸ਼ ਕਟਾਰੀਆ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਮੇਰੇ ਅਤੇ ਮੇਰੇ ਸਾਥੀਆਂ 'ਤੇ ਝੂਠੇ ਪਰਚੇ ਦਰਜ ਕਰਕੇ ਮੇਰੀ ਤੇ ਲੋਕਾਂ ਦੀ ਆਵਾਜ਼ ਨੂੰ ਦਬਾਉਣਾ ਚਾਹੁੰਦੀ ਹੈ। ਉਨ੍ਹਾਂ ਦੇ ਸਮਰਥਕਾਂ ਨੇ ਕਿਹਾ ਕਿ ਅਸੀਂ ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਦੇ ਨਾਲ ਚਟਾਨ ਵਾਂਗ ਖੜੇ ਹਾਂ, ਉਨ੍ਹਾਂ ਲਈ ਅਸੀਂ ਖੁਦ ਵੀ ਗ੍ਰਿਫਤਾਰ ਹੋਣ ਲਈ ਤਿਆਰ ਹਾਂ।

ਆਰ ਐੱਸ ਐੱਸ ਤੇ ਭਾਜਪਾ ਜਮਹੂਰੀਅਤ, ਸੰਵਿਧਾਨ, ਲੋਕਤੰਤਰ ਤੇ ਦੇਸ਼ ਦੀ ਰੱਖਿਆ ਲਈ ਵੱਡਾ ਖਤਰਾ : ਚੌਹਾਨ/ਉੱਡਤ

ਸੀ ਪੀ ਆਈ ਤੇ ਜਨਤਕ ਜਥੇਬੰਦੀਆਂ ਨੇ ਮੋਦੀ ਸਰਕਾਰ ਦੀ ਅਰਥੀ ਫੂਕੀ

ਮਾਨਸਾ (ਪਮਾਰ)-ਦੇਸ਼ ਦੇ ਪ੍ਰਸਿੱਧ ਜਨਰਲਲਿਸਟਾਂ ਤੇ ਪੱਤਰਕਾਰਾਂ ਵਿਰੁੱਧ ਯੂ.ਏ.ਪੀ.ਏ. (ਅਣਉੱਚਿਤ ਸਰਗਰਮੀਆਂ ਰੋਕੂ ਐਕਟ) ਲਾਗੂ ਕਰਕੇ ਉਨਾਂ ਦੇ ਘਰਾਂ 'ਤੇ ਛਾਪੇ ਮਾਰਨ, ਸਾਜ਼ਿਸ਼ ਅਧੀਨ ਦੇਸ਼ ਵਿਰੋਧੀ ਤੇ ਬਦਨਾਮ ਕਰਨ ਦੀਆਂ ਕੋਸ਼ੀਆਂ ਚਾਲਾਂ ਦੇ ਖਿਲਾਫ ਸਥਾਨਕ ਠੀਕਰੀਵਾਲਾ ਚੌਕ ਵਿਖੇ ਸੀ.ਪੀ.ਆਈ. ਤੇ ਜਨਤਕ ਜਥੇਬੰਦੀਆਂ ਵੱਲੋਂ ਮੋਦੀ ਸਰਕਾਰ ਖਿਲਾਫ ਰੋਹ ਭਰਪੂਰ ਮੁਜ਼ਾਹਰਾ ਕਰਕੇ ਅਰਥੀ ਫੂਕੀ ਗਈ। ਇਸ ਸਮੇਂ ਸਾਥੀਆਂ ਨੂੰ ਸੰਬੋਧਨ ਕਰਦਿਆਂ ਸੀ.ਪੀ.ਆਈ. ਦੇ ਸੂਬਾ ਕਾਰਜਕਾਰੀ ਮੈਂਬਰ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ ਤੇ ਏਟਕ ਦੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਕੁਲਵਿੰਦਰ ਉੱਡਤ ਨੇ ਮੋਦੀ ਸਰਕਾਰ ਦੀ ਨਿਖੇਧੀ ਕਰਦਿਆਂ ਕਿਹਾ ਕਿ ਦੇਸ਼ ਭਰ ਦੇ ਪ੍ਰਸਿੱਧ ਪੱਤਰਕਾਰਾਂ, ਸਮਾਜ ਸੇਵੀਆਂ ਤੇ ਬੁੱਧੀਜੀਵੀਆਂ 'ਤੇ ਕੀਤੀਆਂ ਗੈਰਕਾਨੂੰਨੀ ਕਾਰਵਾਈਆਂ ਲੋਕਤੰਤਰ ਸੰਵਿਧਾਨ ਤੇ ਦੇਸ਼ ਦੀ ਰੱਖਿਆ ਨੂੰ ਵਧੇਰੇ ਖਤਰੇ ਪੈਦਾ ਕਰ ਰਹੀ ਹੈ, ਜਿਸ ਦੇ ਖਿਲਾਫ ਦ੍ਰਿੜ੍ਹਤਾ ਪੂਰਵਕ, ਦਲੇਰਆਨਾ ਅਪਣਾਉਂਦੇ ਹੋਏ ਸਾਰੀਆਂ ਸ਼ਕਤੀਆਂ ਤੇ ਜਨਤਕ ਜਥੇਬੰਦੀਆਂ ਨੂੰ ਇਸ ਦਾ ਵਿਰੋਧ ਕਰਨਾ ਚਾਹੀਦਾ ਹੈ ਤਾਂ ਕਿ ਤਿੰਨ ਦਰਜਨ ਤੋਂ ਵੱਧ ਪ੍ਰਗਤੀਸ਼ੀਲ ਲੇਖਕ, ਬੁੱਧੀਜੀਵੀ ਤੇ ਸਮਾਜ ਸੇਵੀ ਸ਼ਖਸੀਅਤਾਂ, ਜੋ ਇਸ ਫਿਰਕੂ ਸਰਕਾਰ ਦੀਆਂ ਜੇਲ੍ਹਾਂ ਵਿੱਚ ਅੱਤਿਆਚਾਰ ਦਾ ਮੁਕਾਬਲਾ ਕਰ ਰਹੀਆਂ ਹਨ, ਉਨ੍ਹਾਂ ਸਭ ਦੀ ਰਿਹਾਈ ਤੇ ਝੂਠੇ ਮੁਕੱਦਮੇ ਵਾਪਸ ਹੋ ਸਕਣ। ਕਮਿਊਨਿਸਟ ਆਗੂਆਂ ਨੇ ਮਾਨਸਾ ਜ਼ਿਲ੍ਹੇ ਦੇ ਪਿੰਡ ਕੋਟਲੀ ਕਲਾਂ ਦੇ 19 ਸਾਲਾਂ ਅਗਨੀਵੀਰ ਅੰਮ੍ਰਿਤਪਾਲ ਸਿੰਘ ਨੂੰ ਸ਼ਹੀਦ ਦਾ ਦਰਜਾ ਨਾ ਦੇ ਕੇ ਭਾਰਤ ਸਰਕਾਰ ਨੇ ਭਾਰਤੀ ਫੌਜ ਦੇ ਜਵਾਨਾਂ ਦੇ ਮਨੋਬਲ ਨੂੰ ਨਿਰਾਸ਼ਾ ਵੱਲ ਧੱਕਿਆ ਹੈ। ਉਨ੍ਹਾਂ ਮੰਗ ਕੀਤੀ ਕਿ ਸ਼ਹੀਦ ਦਾ ਦਰਜਾ ਪਰਿਵਾਰ ਨੂੰ ਨੌਕਰੀ ਤੇ ਬਣਦਾ ਮਾਣ-ਸਨਮਾਨ ਦਿੱਤਾ ਜਾਵੇ ਅਤੇ ਭਾਰਤੀ ਫੌਜ ਵਿੱਚ ਅਗਨੀਵੀਰ ਸਕੀਮ ਨੂੰ ਤੁਰੰਤ ਰੱਦ ਕਰਦੇ ਹੋਏ ਪੱਕੀ ਭਰਤੀ ਕੀਤੀ ਜਾਵੇ। ਇਸ ਸਮੇਂ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੀਤਾ ਰਾਮ ਗੋਬਿੰਦਪੁਰਾ, ਏਟਕ ਆਗੂ ਕਰਨੈਲ ਭੀਖੀ, ਕਿਸਾਨ ਆਗੂ ਰੂਪ ਸਿੰਘ ਢਿੱਲੋਂ ਤੇ ਰਤਨ ਭੋਲਾ ਨੇ ਪੰਜਾਬ ਸਰਕਾਰ ਵੱਲੋਂ 12 ਘੰਟੇ ਦਿਹਾੜੀ ਦੇ ਸਮੇਂ ਵਿੱਚ ਵਾਧੇ ਦੇ ਨੋਟੀਫਿਕੇਸ਼ਨ ਨੂੰ ਤੁਰੰਤ ਰੱਦ ਕਰਨ ਦੀ ਮੰਗ ਕੀਤੀ ਅਤੇ ਕਿਹਾ ਕਿ ਪੰਜਾਬ ਦੀ ਮਜ਼ਦੂਰ ਜਮਾਤ ਠੱਗੀ ਹੋਈ ਮਹਿਸੂਸ ਕਰ ਰਹੀ ਹੈ ਅਤੇ ਇਸ ਨੋਟੀਫਿਕੇਸ਼ਨ ਨੂੰ ਕਿਸੇ ਵੀ ਕੀਮਤ ਵਿੱਚ ਲਾਗੂ ਨਾ ਕਰਨ ਤਿੱਖੇ ਸੰਘਰਸ਼ ਦੀ ਚੇਤਾਵਨੀ ਦਿੱਤੀ। ਇਸ ਸਮੇਂ ਹੋਰਨਾਂ ਤੋਂ ਇਲਾਵਾ ਅਸ਼ੋਕ ਲਾਕੜਾ, ਸੁਖਦੇਵ ਪੰਧੇਰ, ਲਾਭ ਸਿੰਘ ਮੰਢਾਲੀ, ਸਾਧੂ ਸਿੰਘ ਰਾਮਾਨੰਦੀ, ਗੁਰਦਿਆਲ ਦਲੇਲ ਸਿੰਘ ਵਾਲਾ, ਹਰਪਾਲ ਬੱਪੀਆਣਾ, ਨਰਿੰਦਰ ਕੌਰ, ਸੁਖਦੇਵ ਮਾਨਸਾ, ਭੋਲਾ ਸਿੰਘ ਮਾਨਸਾ ਆਦਿ ਆਗੂ ਹਾਜ਼ਰ ਸਨ।

12 ਘੰਟੇ ਦਿਹਾੜੀ ਕਰਨ ਨਾਲ ਮਜ਼ਦੂਰਾਂ ਦਾ ਸ਼ੋਸ਼ਣ ਵੀ ਵਧੇਗਾ ਤੇ ਬੇਰੁਜ਼ਗਾਰੀ ਵੀ : ਆਗੂ

ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਐੱਸ ਡੀ ਐੱਮ ਦਫਤਰ ਅੱਗੇ ਧਰਨਾ

ਮੋਗਾ (ਅਮਰਜੀਤ ਬੱਬਰੀ)-ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ (ਪੰਜਾਬ) ਵੱਲੋਂ ਜ਼ਿਲ੍ਹੇ ਦੇ ਪਿੰਡਾਂ ਵਿੱਚੋਂ ਮਜ਼ਦੂਰਾਂ ਨੇ ਇਕੱਠੇ ਹੋ ਕੇ ਐੱਸ ਡੀ ਐੱਮ ਦਫਤਰ ਮੋਗਾ ਵਿਖੇ ਧਰਨਾ ਦਿੱਤਾ।ਦਰਸ਼ਨ ਸਿੰਘ ਘੋਲੀਆ ਦੀ ਅਗਵਾਈ ਵਿੱਚ ਘੋਲੀਆ ਕਲਾਂ, ਫੂਲੇਵਾਲਾ ਤੇ ਸਮਾਧ ਭਾਈ ਤੋਂ ਵੱਡਾ ਜੱਥਾ ਧਰਨੇ ਵਿੱਚ ਸ਼ਾਮਲ ਹੋਇਆ।ਸ਼ਿੰਦਰ ਸਿੰਘ ਨੱਥੂ ਵਾਲਾ ਦੀ ਅਗਵਾਈ ਵਿੱਚ ਵੀ ਕਈ ਪਿੰਡਾਂ ਨੇ ਸ਼ਮੂਲੀਅਤ ਕੀਤੀ। ਲਖਬੀਰ ਸਿੰਘ ਲੱਖਾ ਸੂਬਾ ਕਮੇਟੀ ਮੈਂਬਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਕਿਰਤ ਮਹਿਕਮੇ ਵੱਲੋਂ ਜਾਰੀ ਕੀਤਾ ਨੋਟੀਫਿਕੇਸ਼ਨ ਮਜ਼ਦੂਰ ਵਿਰੋਧੀ ਹੈ।ਉਨ੍ਹਾਂ ਕਿਹਾ ਕਿ ਇਸ ਨਾਲ ਮਜ਼ਦੂਰਾਂ ਦਾ ਸ਼ੋਸ਼ਣ ਹੋਰ ਜ਼ਿਆਦਾ ਵਧ ਜਾਵੇਗਾ।12 ਘੰਟੇ ਡਿਊਟੀ ਕਰਨ ਨਾਲ ਨੈਸਲੇ ਵਰਗੀਆਂ ਵੱਡੀਆਂ ਸਨਅਤਾਂ ਵਿੱਚ, ਜਿੱਥੇ ਤਿੰਨ ਸ਼ਿਫਟਾਂ ਚਲਦੀਆਂ ਹਨ, ਉਥੇ ਇਕ ਸ਼ਿਫਟ ਦੇ ਵਰਕਰਾਂ ਦੀ ਛਾਂਟੀ ਹੋ ਜਾਵੇਗੀ।ਇਸ ਨਾਲ ਵੱਡੀ ਗਿਣਤੀ ਵਿੱਚ ਮਜ਼ਦੂਰ ਬੇਰੁਜ਼ਗਾਰ ਹੋ ਜਾਣਗੇ।ਇਹ ਨੋਟੀਫਿਕੇਸ਼ਨ ਜਿੱਥੇ ਸ਼ੋਸ਼ਣ ਵਧਾਵੇਗਾ, ਉਥੇ ਬੇਰੁਜ਼ਗਾਰੀ ਵਿੱਚ ਵੀ ਬਹੁਤ ਵਾਧਾ ਕਰੇਗਾ।ਲੱਖਾ ਸਿੰਘਾਂਵਾਲਾ ਪਿੰਡ ਪ੍ਰਧਾਨ ਨੇ ਕਿਹਾ ਕਿ ਸ਼ਿਕਾਗੋ ਦੇ ਵਿੱਚ ਖੂਨ ਡੋਲ੍ਹ ਕੇ ਅੱਠ ਘੰਟੇ ਦੀ ਡਿਊਟੀ ਮਜ਼ਦੂਰਾਂ ਨੇ ਪਾਸ ਕਰਵਾਈ ਸੀ।ਅਗਵਾਈ ਕਰਨ ਵਾਲੇ ਮਜ਼ਦੂਰ ਲੀਡਰਾਂ ਨੂੰ ਅਮਰੀਕਾ ਦੀ ਹਕੂਮਤ ਨੇ ਫਾਂਸੀ ਲਾਈ ਸੀ।ਮਜ਼ਦੂਰਾਂ ਵੱਲੋਂ ਦਿੱਤੀਆਂ ਇਨੀਆਂ ਕੁਰਬਾਨੀਆਂ ਤੋਂ ਬਾਅਦ, ਜੇ ਕੋਈ ਸਰਕਾਰ ਇਨ੍ਹਾਂ ਹੱਕਾਂ 'ਤੇ ਡਾਂਪਾ ਮਾਰੇਗੀ ਤਾਂ ਮਜ਼ਦੂਰ ਤੂਫਾਨ ਬਣ ਕੇ ਉੱਠਣਗੇ।ਭਗਵੰਤ ਮਾਨ ਸਰਕਾਰ ਨੇ ਮਜ਼ਦੂਰਾਂ ਦਾ ਭਲਾ ਕਰਨ ਦਾ ਵਾਅਦਾ ਕੀਤਾ ਸੀ, ਪਰ ਇਸ ਨੋਟੀਫਿਕੇਸ਼ਨ ਮਾਨ ਸਰਕਾਰ ਦਾ ਮਜ਼ਦੂਰ ਵਿਰੋਧੀ ਚਿਹਰਾ ਬੇਪਰਦ ਕਰ ਦਿੱਤਾ ਹੈ।ਬੱਗਾ ਸਿੰਘ ਨੇ ਕਿਹਾ ਕਿ ਮਜ਼ਦੂਰ ਤਾਂ ਪਹਿਲਾਂ ਹੀ ਰੋਟੀ ਤੋਂ ਔਖੇ ਹਨ।ਮਾਨ ਸਰਕਾਰ ਨੇ ਜੇ ਇਹ ਨੋਟੀਫਕੇਸ਼ਨ ਵਾਪਸ ਨਾ ਲਿਆ ਤਾਂ ਮਜ਼ਦੂਰ ਭੁੱਖ ਨਾਲ ਮਰ ਜਾਣਗੇ।ਜਿਨ੍ਹਾਂ ਦੀਆਂ ਵੋਟਾਂ ਨਾਲ ਮਾਨ ਦੇ ਸਿਰ 'ਤੇ ਤਾਜ ਸਜਿਆ ਹੈ ਤੇ ਜਿਹੜੇ ਮਜ਼ਦੂਰ ਤੁਹਾਨੂੰ ਗੱਦੀ 'ਤੇ ਬਿਠਾ ਸਕਦੇ ਹਨ, ਉਹ ਗੱਦੀ ਤੋਂ ਭੂੰਜੇ ਵੀ ਸੁੱਟ ਸਕਦੇ ਹਨ।ਦਰਸ਼ਨ ਘੋਲੀਆ ਤੇ ਕਾਮਰੇਡ ਛਿੰਦਰ ਸਿੰਘ ਸਾਫੂਵਾਲਾ ਨੇ ਮਜ਼ਦੂਰਾਂ ਦੇ ਦੁੱਖਾਂ ਨਾਲ ਜੁੜੇ ਗੀਤ ਗਾਏ।ਧਰਨੇ ਦੌਰਾਨ ਯੂਨੀਅਨ ਆਗੂਆਂ ਨੇ ਐੱਸ ਡੀ ਐੱਮ ਮੋਗਾ ਨੂੰ ਪੰਜਾਬ ਸਰਕਾਰ ਦੇ ਨਾਮ ਮੰਗ ਪੱਤਰ ਵੀ ਸੌਂਪਿਆ।

ਜੈਨ ਧਰਮ ਅਧਿਆਤਮਕ ਗਿਆਨ ਨਾਲ ਭਰਪੂਰ : ਰਾਜਪਾਲ

ਦੇਸ਼ ਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਸੰਭਾਲਣ ਲਈ ਕੀਤੀ ਜੈਨ ਭਾਈਚਾਰੇ ਦੀ ਸ਼ਲਾਘਾ

ਲੁਧਿਆਣਾ/ਦੋਰਾਹਾ (ਰਾਜ ਸਿੰਗਲਾ/ਹਰਮਿੰਦਰ ਸੇਠ)

ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਮੰਗਲਵਾਰ ਨੂੰ ਦੋਰਾਹਾ ਕਸਬੇ ਵਿਖੇ ਸ੍ਰੀ ਆਤਮ ਵੱਲਭ ਜੈਨ ਸਰਵਮੰਗਲ ਟਰੱਸਟ ਲੁਧਿਆਣਾ ਵੱਲੋਂ ਕਰਵਾਏ ਗਏ ਸ਼ਮਾਦਾਨ ਸਮਾਗਮ ਦੌਰਾਨ ਆਪਣੀਆਂ ਸ਼ੁੱਭਕਾਮਨਾਵਾਂ ਦਿੱਤੀਆਂ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਰਾਜਪਾਲ ਨੇ ਕਿਹਾ ਕਿ ਉਹ ਖੁਸ਼ਕਿਸਮਤ ਹਨ ਕਿ ਉਨ੍ਹਾਂ ਨੂੰ ਜੈਨ ਭਾਈਚਾਰੇ ਦੇ ਸੰਤਾਂ ਦੀ ਹਾਜ਼ਰੀ ਵਿੱਚ ਇਸ ਸ਼ੁਭ ਸਮਾਗਮ ਨੂੰ ਸੰਬੋਧਨ ਕਰਨ ਦਾ ਮੌਕਾ ਮਿਲਿਆ। ਜੈਨ ਧਰਮ ਦੇ ਮੁੱਖ ਸਿਧਾਂਤਾਂ ਵਿੱਚੋਂ ਇੱਕ ਸ਼ਮਾ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਜਿਸ ਪਲ ਅਸੀਂ (ਸ਼ਮਾ) ਕਿਸੇ ਨੂੰ ਮਾਫ ਕਰਦੇ ਹਾਂ, ਅਸੀਂ ਹਉਮੈ ਤੇ ਹੰਕਾਰ ਦੇ ਪੰਜੇ ਤੋਂ ਮੁਕਤ ਹੋ ਜਾਂਦੇ ਹਾਂ। ਇਸ ਲਈ, ਸਾਡੇ ਸਾਰਿਆਂ ਲਈ ਜੈਨ ਧਰਮ ਦੁਆਰਾ ਪ੍ਰਚਾਰੇ ਗਏ ਨਿਯਮਤ ਤੌਰ 'ਤੇ ਅਭਿਆਸ ਕਰਕੇ ਮਾਫੀ ਦੀ ਆਦਤ ਨੂੰ ਪੈਦਾ ਕਰਨਾ ਮਹੱਤਵਪੂਰਨ ਸੀ। ਉਨ੍ਹਾਂ ਸ੍ਰੀ ਆਤਮ ਵੱਲਭ ਜੈਨ ਸਰਵਮੰਗਲ ਟਰੱਸਟ ਲੁਧਿਆਣਾ ਦੇ ਇਸ ਮੈਗਾ ਮੁਆਫੀ ਸਮਾਗਮ ਦੇ ਆਯੋਜਨ ਲਈ ਕੀਤੇ ਜਾ ਰਹੇ ਯਤਨਾਂ ਦੀਸ਼ ਕੀਤੀ, ਜੋ ਕਿ ਭਾਗੀਦਾਰਾਂ ਲਈ ਅਧਿਆਤਮਕ ਗਿਆਨ ਦਾ ਰਾਹ ਪੱਧਰਾ ਕਰੇਗਾ। ਉਸ ਨੇ ਜੈਨ ਧਰਮ ਦੇ ਅਭਿਆਸਾਂ ਵਿੱਚ ਆਪਣਾ ਡੂੰਘਾ ਵਿਸ਼ਵਾਸ ਪ੍ਰਗਟ

page-6-18-(OCTO)-2023-G-(BV).qxd 10/17/2023 10:42 PM Page 1

ਕਲਾਸੀਫਾਈਡ ਇਸ਼ਤਿਹਾਰ

PUBLIC NOTICE

This is to inform that Mrs. Sunita W/o Surinder Kumar R/o 1428/11 Gali Chander Bhan, Khuh Bambe Wala, Amritsar is owner of the property in question on House property bearing House no. 171/11, 309/11-3 Khana Shumari, Land Measuring 63 square yards, Situated at vakia rakba Khu Bombay Wala, Gali Lamba Wali, Tobha Bhai Salo, Katra Bagh Singh, Tehsil and District Amritsar which Boundaries as per Sale Deed East :- House of Ram Saroop, West: - House of Om Parkash, North :- House of Pandit Hari Datt, South :- Gali having adjoint Walls., Mrs. Sunita W/o Surinder Kumar is going mortgage the property with the Hinduja Housing Finance Ltd. (HHFL) Branch Amritsar. Mortgage is going to created only by Sale Deed Vasika No. 2020-21/89/1/2960 Dated: 30-09-2020 in favour of Mrs. Sunita W/o Surinder Kumar. This is Walled City area property. If anybody having any objection regarding the above said property or the creation of mortgage over the said property then he should file objections at the below mentioned address. In case no objections are received within 15 days of this publication then it will be presumed that there is no objection and after that period no objection will be entertained.

DINESH ARORA ADVOCATE
Distt. Courts, Amritsar. Mobile 97793-04041
And
Hinduja Housing Finance Ltd. (HHFL)
Branch Amritsar.
Contact Person, Mr. Manish Soni M: 8209382601

COURT NOTICE

(U/o 5 Rule 20 CPC)
In the Court of
Ms. Ramandeep Kaur
Civil Judge (Junior Division)-9, Jalandhar.
CNR No. PBJL02-004003-2023
Next Date : 21.11.2023
1. Malkit Singh S/o Puran Ram, 2. Ranjit Kaur W/o Malkit Singh Both R/o Vill. Rastgo Madhopur, Distt. Jalandhar
Versus
1. Binda S/o Ajit Singh, 2. Sukhwinder Kaur W/o Binda Both R/o Vill. Athola, Distt. Jalandhar. 3. General Public
Publication issued to : General Public, India
In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 21.11.2023 at 10.00 a.m.
For details logon to https://highcourtchd.gov.in/?trs=district notice & district=Jalandhar
Civil Judge (Junior Division)-9, Jalandhar.
Dated, this day of 12.10.2023

COURT NOTICE

In the Court of
Sh. Rajinder Singh Nagpal
Addl. Civil Judge (Senior Division), Samana.
CNR No. PBPTC0-001259-2023
Next Date : 30.10.2023
Sandeep Singh
Versus
General Public
Publication issued to : General Public Samana
In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 30.10.2023 at 10.00 a.m.
For details logon to https://highcourtchd.gov.in/?trs=district notice & district=Patiala
Addl. Civil Judge (Senior Division), Samana.
Dated, this day of 13.10.2023

ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਸ੍ਰੀ ਹਰਜਿੰਦਰ ਸਿੰਘ ਸੰਧੂ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ-ਕਮ-ਕੁਲੈਕਟਰ ਪੰਚਾਇਤ ਲੈਂਡਜ਼, ਕਪੂਰਥਲਾ।
ਮਿਸਲ ਨੰ: ਕੇ ਪੀ ਟੀ/ਡੀ ਡੀ ਪੀ ਓ/ਐੱਸ ਈ ਸੀ/2023/000168
ਤਾਰੀਖ ਪੇਸ਼ੀ : 26.10.2023
ਗ੍ਰਾਮ ਪੰਚਾਇਤ ਪਿੰਡ ਬਾਦਸ਼ਾਹਪੁਰ, ਤਹਿ: ਵਾ ਜ਼ਿਲ੍ਹਾ ਕਪੂਰਥਲਾ ਰਾਹੀਂ ਪ੍ਰਬੰਧਕ ਚਰਨਦੀਪ ਸਿੰਘ ਟੈਕਸ ਕੁਲੈਕਟਰ, ਬੀ ਡੀ ਪੀ ਓ ਬਲਾਕ ਦਫਤਰ ਕਪੂਰਥਲਾ, ਜ਼ਿਲ੍ਹਾ ਕਪੂਰਥਲਾ। ਪਟੀਸ਼ਨਰ
ਬਨਾਮ-ਮਾਨ ਸਿੰਘ ਪੁੱਤਰ ਸੁਰਜਨ ਸਿੰਘ ਵਗੈਰਾ ਵਾਸੀ ਪਿੰਡ ਧੰਮ ਤਹਿ: ਵਾ ਜ਼ਿਲ੍ਹਾ ਕਪੂਰਥਲਾ।
ਰਿਸਪਾਡੈਂਟਸ
ਨੋਟਿਸ ਤਲਬੀ : 2. ਬਾਜ਼ ਸਿੰਘ ਪੁੱਤਰ ਬਦਰੀ ਸਿੰਘ ਵਾਸੀ ਪਿੰਡ ਬਾਦਸ਼ਾਹਪੁਰ, ਤਹਿ: ਵਾ ਜ਼ਿਲ੍ਹਾ ਕਪੂਰਥਲਾ 3. ਲਖਵੀਰ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਬੂਟਾ, ਤਹਿ: ਵਾ ਜ਼ਿਲ੍ਹਾ ਕਪੂਰਥਲਾ 4. ਸੁਖਦੇਵ ਸਿੰਘ ਉਰਫ ਕਾਲਾ ਪੁੱਤਰ ਸਰਵਨ ਸਿੰਘ ਵਾਸੀ ਬੂਟ, ਤਹਿ: ਵਾ ਜ਼ਿਲ੍ਹਾ ਕਪੂਰਥਲਾ 5. ਅਵਤਾਰ ਸਿੰਘ ਵਾ ਰਾਜ ਸਿੰਘ ਦੋਨੋਂ ਪੁੱਤਰਾਨ ਰਾਮ ਸਿੰਘ ਵਾਸੀ ਪਿੰਡ ਬਾਦਸ਼ਾਹਪੁਰ, ਤਹਿ: ਵਾ ਜ਼ਿਲ੍ਹਾ ਕਪੂਰਥਲਾ।
ਰਿਸਪਾਡੈਂਟਸ
ਪਟੀਸ਼ਨ ਜ਼ੇਰ ਧਾਰਾ 7 ਪੰਜਾਬ ਵਿਲੇਜ਼ ਕਾਮਨ ਲੈਂਡਜ਼ (ਰੈਗੂਲੇਸ਼ਨ) ਐਕਟ 1961 ਨਿਸਬਤ ਬੇਦਖਲੀ ਰਿਸਪਾਡੈਂਟਸ ਲੜੀ ਨੰਬਰ 2, 3, 4, 5 ਵਾਕਿਆ ਰਕਬਾ ਪਿੰਡ ਬਾਦਸ਼ਾਹਪੁਰ, ਤਹਿ: ਵਾ ਜ਼ਿਲ੍ਹਾ ਕਪੂਰਥਲਾ, ਜਿਸ ਦਾ ਖੇਵਟ ਖਤੌਨੀ ਨੰਬਰ 249, ਖਸਰਾ ਨੰਬਰ 32/0-12, 36/92-7, 37/74-8, 42/4-0, 1//13/1-7, 1//14/2-0, 1//15 ਮਿੰਨ/1-0, 1//16/8-0, 1//17 ਮਿੰਨ/6-2, 1//18/0-18, 1//24/6-3, 1//25/8-0, 2//1, 1/0-17, 2//18/2/2-5, 2//19/618, 2//20/8-0, 2//21/8-0, 2//22/7-13, 2//23//1/0-11, ਖਤੌਨੀ ਨੰਬਰ 260 ਖਸਰਾ ਨੰ: 6//22/0-8, 6//23 ਮਿੰਨ/6-12, 9//2 ਮਿੰਨ/8-0, 9//3/1/0-16 ਕਿਤੇ 4 ਰਕਬਾ 23-8 ਮੁਤਾਬਕ ਜਮ੍ਹਾਂਬੰਦੀ ਸਾਲ 2018-19 ਜਿਸ ਵਿੱਚੋਂ ਕੁੱਝ ਹਿੱਸੇ 'ਤੇ ਰਿਸਪਾਡੈਂਟਸ ਨੇ ਗੈਰ-ਕਾਨੂੰਨੀ ਤਰੀਕੇ ਨਾਲ ਪਿਛਲੇ ਕਈ ਸਾਲਾਂ ਤੋਂ ਕਬਜ਼ਾ ਕੀਤਾ ਹੋਇਆ ਹੈ, ਵਿੱਚੋਂ ਬੇਦਖਲ ਕੀਤਾ ਜਾਵੇ ਅਤੇ ਉਸ ਰਕਬੇ ਦਾ ਕਬਜ਼ਾ ਬਾਹੱਕ ਗਰਾਮ ਪੰਚਾਇਤ ਨੂੰ ਦਿਵਾਇਆ ਜਾਵੇ ਅਤੇ ਰਿਸਪਾਡੈਂਟਸ ਵੱਲੋਂ ਨਜਾਇਜ਼ ਵਰਤੋਂ ਸੰਬੰਧੀ ਹਰਜਾਨਾ ਮੁਤਾਬਕ ਕਾਨੂੰਨੀ ਗਰਾਮ ਪੰਚਾਇਤ ਨੂੰ ਦਿਵਾਇਆ ਜਾਵੇ।
ਉਕਤ ਅਨੁਵਾਨ ਕੇਸ ਨਿਮਨਹਸਤਾਖਰ ਦੀ ਅਦਾਲਤ ਵਿੱਚ ਚੱਲ ਰਿਹਾ ਹੈ। ਇਸ ਕੇਸ ਵਿੱਚ ਉਕਤ ਰਿਸਪਾਡੈਂਟ ਨੰਬਰ 2, 5 ਵਾਸੀਆਨ ਪਿੰਡ ਬਾਦਸ਼ਾਹਪੁਰ ਅਤੇ ਰਿਸਪਾਡੈਂਟ ਨੰਬਰ 3 ਅਤੇ 4 ਵਾਸੀਆਨ ਪਿੰਡ ਬੂਟ, ਤਹਿ: ਵਾ ਜ਼ਿਲ੍ਹਾ ਕਪੂਰਥਲਾ ਦੀ ਇਤਲਾਹ ਸਧਾਰਨ ਤਰੀਕੇ ਨਾਲ ਹੋਣੀ ਨਹੀਂ ਪਾਈ ਗਈ। ਇਸ ਲਈ ਇਸ਼ਤਿਹਾਰ ਰਾਹੀਂ ਉਕਤ ਦਰਸਾਏ ਗਏ ਰਿਸਪਾਡੈਂਟਸ ਨੂੰ ਉਹਨਾਂ ਦੇ ਦਰਸਾਏ ਗਏ ਰਿਹਾਇਸ਼ੀ ਪਤੇ ਰਾਹੀਂ ਸੂਚਿਤ ਕੀਤਾ ਜਾਵੇ ਕਿ ਉਹ ਮਿਤੀ 26.10.2023 ਨੂੰ ਦੁਪਹਿਰ 2.00 ਵਜੇ ਅਸਾਲਤਨ/ਵਕਾਲਤਨ ਹਾਜ਼ਰ ਅਦਾਲਤ ਹੋ ਕਿ ਕੇਸ ਦੀ ਪੈਰਵੀ ਕਰ ਸਕਦੇ ਹਨ। ਨਿਸ਼ਚਿਤ ਤਾਰੀਖ ਪੇਸ਼ੀ ਨੂੰ ਸਮੇਂ ਸਿਰ ਹਾਜ਼ਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਇੱਕਤਰਫਾ ਹਸਬ ਜ਼ਾਬਤਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।
ਇਹ ਇਸ਼ਤਿਹਾਰ ਅੱਜ ਮਿਤੀ 17.10.2023 ਨੂੰ ਮੇਰੇ ਹਸਤਾਖਰਾਂ ਵਾ ਅਦਾਲਤੀ ਮੋਹਰ ਨਾਲ ਜਾਰੀ ਕੀਤਾ ਗਿਆ।
ਕੁਲੈਕਟਰ ਪੰਚਾਇਤ ਲੈਂਡਜ਼, ਕਪੂਰਥਲਾ।
ਨੰਬਰ/ਰੀਡਰ/ਡੀ ਡੀ ਪੀ ਓ/602, ਮਿਤੀ 17.10.2023

Change of Name

I, Pavenjit Kaur W/o Iqbal Singh R/o Village Kukran PO Sarhala Kalan Tehsil Garhshankar Distt. Hoshiarpur Punjab have changed my name from Pavenjit Kaur to Pawanjit Kaur. Concerned note.

COURT NOTICE

(U/o 5 Rule 20 CPC)
In the Court of
Ms. Mandeep Kaur
Civil Judge (Junior Division)-19, Jalandhar.
Cs/3187/2023
CNR No. PBJL02-003104-2023
Next Date : 29.11.2023
Karan Mittal
Vs.
Dass Builders Pvt. Ltd
Publication issued to : 1. Bhagwan Dass Gupta 2. Vikas Gupta . Director Dass Builders Pvt. Ltd. 526, R-Model Town Ludhiana
In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 29.11.2023 at 10.00 a.m.
For details logon to https://highcourtchd.gov.in/?trs=district notice & district=Jalandhar
Civil Judge (Junior Division)-19, Jalandhar.
Dated, this day of 13.10.2023

COURT NOTICE

In the Court of
Sh. Harshbir Sandhu
Civil Judge (Junior Division), Malerkotla.
CNR No. PBSGC0-000877-2018
Next Date : 16.11.2023
State Bank of India
Versus
Gurdev Singh & Ors.
Publication Regarding Auction of Attached Property : Situated at Vill. Firozpur, Tehsil Malerkotla.
DEFTS 1. Gurdev Singh 2. Ajmer Singh 3. Balbir Singh All son's of Balihara Singh S/o Raunaq Singh R/o Vill. Mahmadpur, Tehsil Dhuri, Distt. Sangrur.
In above titled case, the sale will be held by collector/Asst. Collector Malerkotla at the monthly sale commencing at 10.00 AM o'clock on the 2.11.2023 at Vill. Firozpur Tehsil Malerkotle. In the event, however of the debt above specified and of the costs of the sale being tendered of paid before the knocking down of any lot, the sale will be stopped.
For details logon to https://highcourtchd.gov.in/?trs=district notice & district=Sangrur
Civil Judge (Junior Division), Malerkotla.
Dated, this day of 12.10.2023

COURT NOTICE

In the Court of
Ms. Indu Bala
Addl. Civil Judge (Senior Division), Moonak.
Next Date, Purpose of Case, Orders and Judgments as well as other case information is available on http://ecourts.gov.in.
CNR No. PBSGD0-000438-2023
Next Date : 6.11.2023
Priyanka Devi Wd/o
Sandeep Singh
Versus
General Public
Publication issued to : General Public
Whereas it has been proved to the satisfaction of this Court that the defendant (s)/respondent (s) above named cannot be served in the ordinary way of service. Hence this proclamation under 5 Rule 20 CPC is hereby issued against him/them and should appear personally or through their counsel on 6.11.2023 at 10.00 a.m.
Take notice that, in default of his/their appearance on the day before mentioned, the above said case will be heard and determined in his/their absence according to law.
Given under my hand and the seal of the Court, this 16.10.2023
Addl. Civil Judge (Senior Division), Moonak.

COURT NOTICE

(U/o 5 Rule 20 CPC)
In the Court of
MS. Manzra Dutta
Civil Judge (Junior Division), Kharar
CNR No. PBSAA0000553-2023
Next Date : 01-11-2023
Sujata Dass IAS
Vs.
Vijay Dhir EXE/13/2023
Notice to : Vijay Dhir S/o Raju Dhir, R/o House No. 223, Anand Nagar-A, Tripuri, Tehsil and Distt. Patiala.
In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 01-11-2023 at 10 a.m.
For details logon to https://www.highcourtchd.gov.in/?trs=district_notice&district=mohali.
Civil Judge (Junior Division) Kharar
Dated, this day of 12-10-2023

PUBLIC NOTICE

I, Amandeep Kaur W/o Pritpal Singh Sandhu R/o H.No. 62, Golden Avenue, 88ft Road, Majitha Road, Amritsar, Punjab I want Amandeep as my given name and Kaur is my surname.

COURT NOTICE

In the Court of
Ms. Babaljit Kaur
Civil Judge (Junior Division)-16, Jalandhar.
CNR No. PBJL02-003030-2023
Next Date : 3.11.2023
Vimaljeet Kaur
Versus
General Public
Suit for grant of decree of declaration as prayed for.
Publication issued to : General Public
In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 3.11.2023 at 10.00 a.m.
For details logon to https://highcourtchd.gov.in/?trs=district notice & district=Jalandhar
Civil Judge (Junior Division)-16, Jalandhar.
Dated, this day of 17.10.2023

COURT NOTICE

In the Court of
Ms. Roopa Dhaliwal
Addl. Civil Judge (Senior Division), Malerkotla.
GW/8/2023
CNR No. PBSGC0-001455-2023
Next Date : 4.11.2023
Aashia Parveen W/o Jameel Mohammad S/o Rehamdin mother of Mohd Shehbaz minor age about 15 years S/o Jameel Mohd and Mohd Shahid age about 12 years minor S/o Jameel Mohd R/o Vill. Sangali (Kishangarh), Tehsil and Distt. Malerkotla.
Versus
General Public
Publication issued to : General Public, General Public
In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 4.11.2023 at 10.00 a.m.
For details logon to https://highcourtchd.gov.in/?trs=district notice & district=Sangrur
Addl. Civil Judge (Senior Division), Malerkotla.
Dated, this day of 16.10.2023

COURT NOTICE

In the Court of
Sh. Gurkiran Singh
Civil Judge Junior Division-3, Patiala.
CNR No. PBPT02-000253-2019
Next Date : 13.12.2023
State Bank of India through Vanita Sood Chief Manager.
Versus
M/S New Patiala Fashion through Prop Karamjit Kaur.
Publication issued to : 1. M/S New Patiala Fashion through Prop Karamjit Kaur Top Khanna More Opposit e Patiala Diary Patiala through its Prop. Karamjit Kaur W/o Manjeet Singh H.No. 42 Mohindra Colony Patiala 2. Karamjit Kaur W/o Manjeet Singh Prop M/S New Patiala Fashion H.No. 42 Mohindra Colony Patiala.
In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 13.12.2023 at 10.00 a.m.
For details logon to https://highcourtchd.gov.in/?trs=district notice & district=Patiala
Civil Judge Junior Division-3, Patiala.

COURT NOTICE

In the Court of
Barjinder Pal Singh
Principal Judge, Family Court, Kharar.
CNR No. PBSAF2-000067-2023
Next Date : 10.1.2024
Gagandeep Singh age 40 year S/o Tarlochan Singh R/o H.No. 335 Sector 15, Dashmesh Nagar Kharar, Distt. SAS Nagar Mohali.
Versus
Balwinder Kaur D/o Ajit Singh W/o Gagandeep Singh R/o H.No. 127, Street No. 5, Antarjami Colony Sri Amritsar Sahib.
Publication issued to : Balwinder Kaur D/o Ajit Singh W/o Gagandeep Singh R/o H.No. 127, Street No. 5, Antarjami Colony Sri Amritsar Sahib.
In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 10.1.2024 at 10.00 a.m.
For details logon to https://highcourtchd.gov.in/?trs=district notice & district=SAS Nagar
Principal Judge, Family Court, Kharar.
Dated, this day of 29.9.2023

PUBLIC NOTICE

I, Dashrath Parshad S/o. Late Hazari Lal resident of 42-B, Model Town, Phagwara, District Kapurthala, Punjab, India-144401 am known by two names i.e. Dashrath Parshad & Dasrat. Dashrath Parshad & Dasrat is one & same person. My father was known by two names i.e. Hazari Lal & Jamadar Singh. Hazari Lal & Jamadar Singh was one and same person. There is no any difference between these names & are names of one and same person.

I, Sukhdev Singh S/o Hari Singh R/o H.No. 48, Ashok Vihar, Near Verka Milk Plant, Jalandhar, Punjab declare that my son Charanjit Singh and his wife Aarshpreet Kaur and there daughter Japji Kaur are out of my control. I disinherit them from my movable and immovable properties. I and my family members shall not be held responsible for any kind of dealings done with them. All please note.

ਆਮ ਸੂਚਨਾ

ਮੈਂ, ਬਲਵੀਰ ਸਿੰਘ ਪੁੱਤਰ ਕਰਮ ਸਿੰਘ ਪੁੱਤਰ ਰੂੜ ਸਿੰਘ ਪੁੱਤਰ ਰਾਮ ਸਿੰਘ ਪਿੰਡ ਗੋਂਦਪੁਰ, ਤਹਿ: ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰੇ ਪਿਤਾ ਦੀ ਜ਼ਮੀਨ ਪਿੰਡ ਰਾਣਾ ਹੱਦਬਸਤ ਨੰ: 43 ਵਿੱਚ ਹੈ। ਇਸ ਦੇ ਮਹਿਕਮਾ ਮਾਲ ਵਿੱਚ ਮੇਰੇ ਪਿਤਾ ਦਾ ਨਾਂਅ ਕਰਮ ਸਿੰਘ ਪੁੱਤਰ ਚੰਦਾ ਸਿੰਘ ਮੁਤਬੰਨਾ ਪੁੱਤਰ ਜੈਮਲ ਸਿੰਘ ਦਰਜ ਹੋਇਆ ਹੈ, ਜੋ ਕਿ ਗਲਤ ਹੈ। ਮੇਰੇ ਪਿਤਾ ਦਾ ਆਧਾਰ ਕਾਰਡ ਅਤੇ ਬਾਕੀ ਦਸਤਾਵੇਜ਼ਾਂ ਮੁਤਾਬਕ ਮਹਿਕਮਾ ਮਾਲ ਪਿੰਡ ਰਾਣਾ ਹੱਦਬਸਤ ਨੰ: 43 ਵਿੱਚ ਕਰਮ ਸਿੰਘ ਪੁੱਤਰ ਰੂੜ ਸਿੰਘ ਪੁੱਤਰ ਰਾਮ ਸਿੰਘ ਵਜੋਂ ਦਰਜ ਕੀਤਾ ਜਾਵੇ। (ਡੋਗਰਾ)

ਮੈਂ, ਗੁਰਦੇਵ ਸਿੰਘ ਪੁੱਤਰ ਮੇਲਾ ਸਿੰਘ ਪੁੱਤਰ ਇੰਦਰ ਸਿੰਘ ਵਾਸੀ ਵਾਰਡ ਨੰ: 3, ਭੁਲੱਥ, ਤਹਿ: ਭੁਲੱਥ, ਜ਼ਿਲ੍ਹਾ ਕਪੂਰਥਲਾ ਮੇਰੀਆਂ ਤਿੰਨ ਬੇਟੀਆਂ ਕੁਲਦੀਪ ਕੌਰ, ਪਰਮਜੀਤ ਕੌਰ, ਬਲਜੀਤ ਕੌਰ ਅਤੇ ਦੋ ਬੇਟੇ ਸੁਖਜਿੰਦਰ ਸਿੰਘ, ਮਹਿੰਦਰ ਸਿੰਘ ਹਨ। ਮੇਰੇ ਕਹਿਣੇਕਾਰ ਵਿੱਚ ਨਹੀਂ ਹੋਣ ਕਰਕੇ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਹੁਣ ਮੇਰੀਆਂ ਤਿੰਨੋਂ ਬੇਟੀਆਂ ਤੇ ਬੇਟੇ ਮੇਰੇ ਕਹਿਣੇਕਾਰ ਵਿੱਚ ਹਨ। ਇਸ ਲਈ ਮੈਂ ਆਪਣੀ ਬੇਦਖਲੀ ਨੋਟਿਸ ਤੋਂ ਮਨਮੁਖ ਕਰਦਾ ਹਾਂ। (ਯੋਗੇਸ਼)

I, Trishla Devi W/o Barjesh Kumar(Army No. 278898N-Sub)R/o village Mathura, ਤਹਿ:ਅਨੰਦਪੁਰਸਾਹਿਬ, ਜਿਲਾ ਰੂਪਨਗਰ(ਪੰਜਾਬ) ,ਸੂਚਿਤ ਕਰਦੀ ਹਾਂ ਕਿ ਮੇਰੇ ਪਤੀ ਦੇ ਨੌਕਰੀ ਰਿਕਾਰਡ ਵਿਚ ਮੇਰੀ ਜਨਮ ਮਿਤੀ ਗਲਤ 16/10/1981 ਦਰਜ ਹੋ ਗਈ ਹੈ। ਅਸਲੀ ਤਰੀਖ 25/08/1981 ਹੈ। ਸੰਬੰਧਤ ਨੋਟ ਕਰਨ।

ਮੈਂ ਦਰਸ਼ਨ ਕੌਰ ਪਤਨੀ ਕੁਲਦੀਪ ਸਿੰਘ ਵਾਸੀ ਪਿੰਡ ਡਾਹਰੀਕੇ,ਬਲਾਕ ਮਜੀਠਾ,ਜਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੈਂ ਆਪਣੇ 2 ਲੜਕਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ । ਹੁਣ ਮੇਰਾ ਇਕ ਲੜਕਾ ਹਰਜਿੰਦਰ ਸਿੰਘ ਅਤੇ ਪੋਤਰਾ ਨਵਜੋਤ ਸਿੰਘ ਮੇਰੇ ਕਹਿਣੇ ਵਿਚ ਹੈ ਮੈਂ ਆਪਣੇ ਲੜਕੇ ਹਰਜਿੰਦਰ ਸਿੰਘ ਅਤੇ ਪੋਤਰੇ ਨਵਜੋਤ ਸਿੰਘ ਦਾ ਬੇਦਖਲੀ ਨੋਟਿਸ ਵਾਪਸ ਲੈਂਦੀ ਹਾਂ। ਸਬੰਧਤ ਨੋਟ ਕਰਨ।

ਬੇਦਖਲੀ ਨੋਟਿਸ

ਮੈਂ ਮਮਤਾ ਪਤਨੀ ਸੁਵ: ਜਗਦੀਸ ਲਾਲ ਵਾਸੀ, ਮਕਾਨ ਨੰ, ਬੀ -1/691, ਪ੍ਰੇਮ ਨਗਰ, ਸਿਵਲ ਲਾਈਨ, ਲੁਧਿਆਣਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਰੋਹਿਤ ਭੰਗ ਅਤੇ ਨੂੰਹ ਡੋਲੀ ਮੇਰੇ ਕਹਿਣੇ ਕੰਟਰੋਲ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ -ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਹੁਣ ਮੇਰਾ ਅਤੇ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਾਲੁਕ-ਵਾਸਤਾ ਨਹੀਂ ਹੈ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਆਪ ਜ਼ਿੰਮੇਵਾਰ ਹੋਵੇਗਾ।

ਮੈਂ, ਮਨਜੀਤ ਸਿੰਘ ਪੁੱਤਰ ਸੁਲੱਖਣ ਸਿੰਘ ਵਾਸੀ ਮਕਾਨ ਨੰ. 304, ਪੱਤੀ ਛੀਨੇ ਮਾਨ ਰਈਆ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰੀ ਪਤਨੀ ਸਨਦੀਪ ਕੌਰ ਅਤੇ ਮੇਰੀ ਲੜਕੀ ਖੁਸ਼ਮਨਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਜੁਗਲ ਕਿਸ਼ੋਰ ਪੁੱਤਰ ਅਮਰ ਨਾਥ ਵਾਸੀ ਮਕਾਨ ਨੰ. ਈ ਈ-199-ਏ, ਨਿਊ ਰੇਲਵੇ ਰੋਡ। ਇੰਦਰਪ੍ਰਸਤ ਮੁਹੱਲਾ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸ਼ਾਨੂੰ ਸ਼ਰਮਾ ਅਤੇ ਉਸਦੀ ਪਤਨੀ ਬਬੀਤਾ ਸ਼ਰਮਾ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਿਤ ਨੋਟ ਕਰਨ।

ਮੈਂ, ਬੂਟਾ ਰਾਮ ਪੁੱਤਰ ਸਾਮਾ ਰਾਮ ਵਾਸੀ ਗਲੀ ਨੰ. 7, ਬੈਂਕ ਕਾਲੋਨੀ, ਬਸਤੀ ਬਾਵਾ ਖੇਲ, ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਕ੍ਰਿਸ਼ਨ ਲਾਲ ਅਤੇ ਉਸ ਦੀ ਪਤਨੀ ਇੰਦੂ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ। (ਨਾਰੰਗ)

ਮੈਂ, ਵਿਜੇ ਪੁੱਤਰ ਮੰਗਤ ਵਾਸੀ ਮਕਾਨ ਨੰ. 1688, ਵਾਰਡ ਨੰ. 23, ਹਬੀਬ ਰੀਜ, ਲੁਧਿਆਣਾ, ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਪ੍ਰਥਮ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ। (ਨਾਰੰਗ)

ਮੈਂ, ਕਰਮਜੀਤ ਸਿੰਘ ਪੁੱਤਰ ਸ੍ਰੀ ਜਗਤ ਰਾਮ ਵਾਸੀ ਪਿੰਡ ਕੋਠੇ ਪ੍ਰੇਮ ਨਗਰ, ਡਾਕਖਾਨਾ ਹਰਿਆਣਾ, ਤਹਿਸੀਲ ਅਤੇ ਜ਼ਿਲ੍ਹਾ ਹੁਸ਼

18-OCT-PAGE-7.qxd 10/17/2023 10:36 PM Page 1

ਸਾਂਝਾ ਅਧਿਆਪਕ ਮੋਰਚਾ ਵੱਲੋਂ ਅਧਿਆਪਕਾਂ ਦੀ ਸ਼ਿਫਟਿੰਗ ਦਾ ਵਿਰੋਧ

19 ਤੇ 20 ਨੂੰ ਪੰਜਾਬ ਸਰਕਾਰ ਦੇ ਪੁਤਲੇ ਫੂਕਣ ਦਾ ਐਲਾਨ

ਸਾਂਝਾ ਅਧਿਆਪਕ ਮੋਰਚਾ ਪੰਜਾਬ ਦੇ ਕਨਵੀਨਰ ਜਾਣਕਾਰੀ ਦਿੰਦੇ ਹੋਏ।

ਜਲਾਲਾਬਾਦ (ਜੀਤ ਕੁਮਾਰ)

ਸਾਂਝਾ ਅਧਿਆਪਕ ਮੋਰਚਾ ਪੰਜਾਬ ਦੇ ਕਨਵੀਨਰਾਂ ਬਲਜੀਤ ਸਿੰਘ ਸਲਾਣਾ, ਸੁਰਿੰਦਰ ਕੁਮਾਰ ਪੁਆਰੀ, ਸੁਖਵਿੰਦਰ ਸਿੰਘ ਚਾਹਲ, ਹਰਵਿੰਦਰ ਸਿੰਘ ਬਿਲਗਾ, ਗੁਰਜੰਟ ਸਿੰਘ ਵਾਲੀਆ, ਜਸਵਿੰਦਰ ਸਿੰਘ ਔਲਖ, ਬਾਜ ਸਿੰਘ ਖਹਿਰਾ, ਸੁਖਰਾਜ ਸਿੰਘ ਕਾਹਲੋਂ, ਸੁਖਜਿੰਦਰ ਸਿੰਘ ਹਰੀਕਾ, ਨਿਰੰਜਣਜੋਤ ਚਾਂਦਪੁਰੀ, ਗੁਰਬਿੰਦਰ ਸਿੰਘ ਸਸਕੌਰ, ਗੁਰਪ੍ਰੀਤ ਸਿੰਘ ਮਾੜੀਮੇਘਾ, ਨਵਪ੍ਰੀਤ ਬੱਲੀ, ਹਰਜੀਤ ਸਿੰਘ ਜੁਨੇਜਾ, ਕੁਲਦੀਪ ਸਿੰਘ ਦੌੜਕਾ ਨੇ ਦੱਸਿਆ ਕਿ ਸਮੂਹ ਕਨਵੀਨਰਾਂ ਤੇ ਕੋ-ਕਨਵੀਨਰਾਂ ਨੇ ਸਿੱਖਿਆ ਵਿਭਾਗ ਵੱਲੋਂ ਅਧਿਆਪਕ ਬਦਲੀ ਨੀਤੀ ਨੂੰ ਛਿੱਕੇ ਟੰਗ ਕੇ ਅਧਿਆਪਕਾਂ ਦੀ ਦੂਰ ਦੁਰਾਡੇ ਦੇ ਐਮੀਨੈਂਸ ਸਕੂਲਾਂ ਵਿੱਚ ਕੀਤੀਆਂ ਗਈਆਂ ਜਬਰੀ ਬਦਲੀਆਂ ਦੀ ਨਿਖੇਧੀ ਕੀਤੀ ਗਈ। ਉਨ੍ਹਾਂ ਪੰਜਾਬ ਦੇ ਸਮੁੱਚੇ ਸਕੂਲਾਂ ਦੇ ਵਿਦਿਆਰਥੀਆਂ ਨੂੰ ਸਿੱਖਿਆ ਦੇ ਬਰਾਬਰ ਮੌਕੇ ਦੇਣ ਦੇ ਬੁਨਿਆਦੀ ਸੰਵਿਧਾਨਕ ਅਧਿਕਾਰ ਨੂੰ ਲਾਗੂ ਕਰਨ ਲਈ ਐਮੀਨੈਂਸ ਸਕੂਲਾਂ ਵਾਲੀਆਂ ਸਹੂਲਤਾਂ ਦੇਣ ਦੀ ਮੰਗ ਕੀਤੀ, ਜਦੋਂ ਕਿ ਪੰਜਾਬ ਦੇ ਸਮੁੱਚੇ ਸਕੂਲ ਅਧਿਆਪਕਾਂ ਦੀ ਘਾਟ ਦਾ ਸੰਤਾਪ ਭੋਗ ਰਹੇ ਹਨ, ਉਦੋਂ ਸਰਕਾਰ ਇਨ੍ਹਾਂ ਸਕੂਲਾਂ ਵਿੱਚੋਂ ਅਧਿਆਪਕਾਂ ਨੂੰ ਐਮੀਨੈਂਸ ਸਕੂਲਾਂ ਵਿੱਚ ਸ਼ਿਫਟ ਕਰਕੇ ਆਮ ਵਿਦਿਆਰਥੀਆਂ ਕੋਲੋਂ ਸਿੱਖਿਆ ਦਾ ਰਹਿੰਦਾ ਖੂੰਹਦਾ ਹੱਕ ਵੀ ਖੋਹ ਰਹੀ ਹੈ। ਪੰਜਾਬ ਦੇ ਵਿਦਿਆਰਥੀਆਂ ਨਾਲ ਇਹ ਵਿਤਕਰੇ ਭਰਿਆ ਵਰਤਾਉ ਰਾਸ਼ਟਰੀ ਸਿੱਖਿਆ ਨੀਤੀ ਲਾਗੂ ਕਰਦਿਆਂ ਕੀਤਾ ਜਾ ਰਿਹਾ ਹੈ। ਕੱਚੇ ਅਧਿਆਪਕਾਂ ਨੂੰ ਪੱਕੇ ਕਰਨ ਦੇ ਨਾਂ 'ਤੇ ਸਿਰਫ ਮਾਣ ਭੱਤੇ ਵਿੱਚ ਹੀ ਵਾਧਾ ਕਰਕੇ ਦੇਸ਼ ਵਿੱਚ ਅਧਿਆਪਕਾਂ ਦਾ ਸ਼ੋਸ਼ਣ ਕਰਨ ਦੀ ਨਵੀਂ ਪਿਰਤ ਪਾਈ ਗਈ ਹੈ। ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਦਾ ਲੰਗੜਾ ਨੋਟੀਫਿਕੇਸ਼ਨ ਕਰਕੇ ਪੰਜਾਬ ਦੇ ਅਧਿਆਪਕਾਂ ਤੇ ਮੁਲਾਜ਼ਮਾਂ ਨਾਲ ਵਿਸ਼ਵਾਸਘਾਤ ਕੀਤਾ ਗਿਆ ਹੈ। ਪੰਜਾਬ ਸਰਕਾਰ ਵੱਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਸੈਂਕੜੇ ਕਰੋੜ ਰੁਪਏ ਬਕਾਇਆ ਨਾ ਦੇਣ ਕਾਰਨ ਬੋਰਡ ਵੱਲੋਂ ਵਿਦਿਆਰਥੀਆਂ ਤੋਂ ਸਰਟੀਫਿਕੇਟ ਫੀਸਾਂ, ਪ੍ਰੈਕਟੀਕਲ ਫੀਸਾਂ ਤੇ ਜੁਰਮਾਨੇ ਵਸੂਲ ਕੇ ਪ੍ਰਾਪਤ ਕੀਤੀ ਆਮਦਨ ਨਾਲ ਪੰਜਾਬ ਦਾ ਸਿੱਖਿਆ ਬੋਰਡ ਚੱਲਦਾ ਰੱਖਣ ਦੀ ਨਿਖੇਧੀ ਕੀਤੀ ਗਈ। ਸਾਂਝੇ ਅਧਿਆਪਕ ਮੋਰਚਾ ਨੇ ਸਰਬਸੰਮਤੀ ਨਾਲ ਫੈਸਲਾ ਕੀਤਾ ਕਿ ਅਧਿਆਪਕਾਂ ਦੀਆਂ ਭਖਦੀਆਂ ਮੰਗਾਂ ਮੰਨਵਾਉਣ ਲਈ 19 ਤੇ 20 ਅਕਤੂਬਰ ਨੂੰ ਤਹਿਸੀਲ/ਜ਼ਿਲ੍ਹਾ ਪੱਧਰੀ ਅਰਥੀ ਫੂਕ ਮੁਜ਼ਾਹਰੇ ਕੀਤੇ ਜਾਣਗੇ। ਉਪਰੋਕਤ ਮੰਗਾਂ ਨਾ ਮੰਨਣ ਦੀ ਸੂਰਤ ਵਿੱਚ ਸਾਂਝਾ ਅਧਿਆਪਕ ਮੋਰਚਾ ਪੰਜਾਬ ਸਿੱਖਿਆ ਮੰਤਰੀ ਵਿਰੁੱਧ ਜਥੇਬੰਦਕ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਵੇਗਾ।

ਕਰਮਵਿੰਦਰ ਕੌਰ ਦਾ ਜੱਜ ਬਣਨ 'ਤੇ ਸੁਆਮੀ ਵਿਵੇਕਾਨੰਦ ਸੁਸਾਇਟੀ ਵੱਲੋਂ ਸਨਮਾਨ

ਫਰੀਦਕੋਟ/ਗੋਲੇਵਾਲਾ (ਐਲਿਗਜੈਂਡਰ ਡਿਸੂਜਾ)

ਜ਼ਿਲ੍ਹੇ ਦਾ ਮਾਣ ਤੇ ਹੋਣਹਾਰ ਕਰਮਵਿੰਦਰ ਕੌਰ ਸਾਧਾਂਵਾਲਾ ਦੇ ਜੱਜ ਬਣਨ 'ਤੇ ਸਮੂਹ ਇਲਾਕਾ ਨਿਵਾਸੀਆਂ ਲਈ ਖੁਸ਼ੀ ਦੀ ਗੱਲ ਹੈ। ਇਸ ਖੁਸ਼ੀ 'ਚ ਪਿੰਡ ਗੋਲੇਵਾਲੇ ਦੀ ਪੜ੍ਹਾਈ ਵਿੱਚ ਹਰ ਪ੍ਰਕਾਰ ਦੀ ਮਦਦ ਕਰਨ ਦੇ ਮਨੋਰਥ ਨਾਲ ਕੰਮ ਕਰ ਰਹੀ ਸਮਾਜਸੇਵੀ ਸੰਸਥਾ 'ਸੁਆਮੀ ਵਿਵੇਕਾਨੰਦ ਵੈੱਲਫੇਅਰ ਸੁਸਾਇਟੀ' ਗੋਲੇਵਾਲਾ ਵੱਲੋਂ ਪਿੰਡ ਦੀ ਧੀ ਕਰਮਵਿੰਦਰ ਕੌਰ ਸਾਧਾਂਵਾਲਾ ਦੇ ਜੱਜ ਬਣਨ 'ਤੇ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕਰਕੇ ਵਧਾਈਆਂ ਦਿੱਤੀਆਂ ਗਈਆਂ।

ਇਸ ਮੌਕੇ ਕਰਮਵਿੰਦਰ ਕੌਰ ਸਿੱਧੂ ਦੇ ਮਾਤਾ ਨਰਿੰਦਰ ਕੌਰ, ਪਿਤਾ ਗੁਰਮੇਲ ਸਿੰਘ ਤੇ ਦਾਦਾ ਦਲੀਪ ਸਿੰਘ, ਦਾਦੀ ਮਲਕੀਤ ਕੌਰ, ਚਾਚੇ ਪਰਮਜੀਤ ਸਿੰਘ, ਸੁਖਮੰਦਰ ਸਿੰਘ, ਹਰਚੰਦ ਸਿੰਘ, ਜਸਕਰਨ ਸਿੰਘ, ਸੁਖਦੇਵ ਸਿੰਘ, ਬਲਕਾਰ ਸਿੰਘ ਤੋਂ ਇਲਾਵਾ ਸੁਆਮੀ ਵਿਵੇਕਾਨੰਦ ਵੈੱਲਫੇਅਰ ਸੁਸਾਇਟੀ ਗੋਲੇਵਾਲਾ ਦੇ ਮੀਤ ਪ੍ਰਧਾਨ ਡਾਕਟਰ ਬਲਜੀਤ ਕੁਮਾਰ ਸ਼ਰਮਾ ਗੋਲੇਵਾਲਾ, ਆਜ਼ੂਤੀਆ ਐਸੋਸੀਏਸ਼ਨ ਫਰੀਦਕੋਟ ਦੇ ਮੈਂਬਰ ਪੱਪੂ ਬਜਾਜ ਗੋਲੇਵਾਲਾ, ਪੱਤਰਕਾਰ ਤੇ ਲੇਖਕ ਅਮਰਜੀਤ ਸਿੰਘ ਬਰਾੜ, ਮਾਰਕੀਟ ਕਮੇਟੀ ਗੋਲੇਵਾਲਾ ਦੇ ਪ੍ਰਧਾਨ ਪ੍ਰਸ਼ੋਤਮ ਲਾਲ, ਲਖਵਿੰਦਰ ਸਿੰਘ ਢਿੱਲੋਂ ਗੋਲੇਵਾਲਾ ਆਜ਼ੂਤੀਆ, ਲੋਕ ਚੇਤਨਾ ਯੂਥ ਵੈੱਲਫੇਅਰ ਸੁਸਾਇਟੀ ਸਾਧਾਂਵਾਲਾ ਦੇ ਪ੍ਰਧਾਨ ਸਾਹਬਜੀਤ ਸਿੰਘ ਸਾਧਾਂਵਾਲਾ ਤੋਂ ਇਲਾਵਾ ਸਮੂਹ ਨਗਰ ਪੰਚਾਇਤ ਸਾਧਾਂਵਾਲਾ, ਸਰਪੰਚ ਮਨਜੀਤ ਸਿੰਘ ਸਾਧਾਂਵਾਲਾ, ਪੈਸਟੀਸਾਈਡ ਭੰਡਰ ਸਾਧਾਂਵਾਲਾ ਆਦਿ ਹਾਜ਼ਰ ਸਨ।

ਇਸ ਮੌਕੇ ਰਾਜਵਿੰਦਰ ਕੌਰ ਪੂਨੀਆ ਪ੍ਰਿੰਸੀਪਲ ਸਰਕਾਰੀ ਸਮਾਰਟ ਸਕੂਲ ਗੋਲੇਵਾਲਾ, ਡਾਕਟਰ ਪਰਮਿੰਦਰ ਸਿੰਘ ਸਾਬਕਾ ਪ੍ਰਿੰਸੀਪਲ ਬਰਜਿੰਦਰਾ ਕਾਲਜ ਫਰੀਦਕੋਟ, ਸਹਾਰਾ ਸੁਸਾਇਟੀ ਦੇ ਪ੍ਰਧਾਨ ਅਸ਼ੋਕ ਭਟਨਾਗਰ ਨੇ ਵੀ ਕਰਮਵਿੰਦਰ ਕੌਰ ਸਾਧਾਂਵਾਲਾ ਨੂੰ ਮੁਬਾਰਕਬਾਦ ਦਿੱਤੀ।

ਜਸਵਿੰਦਰ ਕੌਰ ਮਹਿਲਾ ਮੋਰਚਾ ਸ਼ਹਿਰੀ ਦੀ ਪ੍ਰਧਾਨ ਨਿਯੁਕਤ

ਮੁਕਤਸਰ (ਸ਼ਮਿੰਦਰਪਾਲ, ਪੂਜਾ)-ਸ੍ਰੀ ਮੁਕਤਸਰ ਸਾਹਿਬ ਦੇ ਜਲਾਲਾਬਾਦ ਰੋਡ ਗਲੀ ਨੰਬਰ 5 ਵਿਖੇ ਮੰਡਲ-2 ਦੇ ਪ੍ਰਧਾਨ ਹਰੀਸ਼ ਵਾਟਸ ਤੇ ਮੰਡਲ ਪ੍ਰਭਾਰੀ ਉਰਮਿਲਾ ਦੀ ਅਗਵਾਈ ਹੇਠ ਸਮਾਗਮ ਹੋਇਆ, ਜਿਸ 'ਚ ਜਸਵਿੰਦਰ ਕੌਰ ਨੂੰ ਮਹਿਲਾ ਮੋਰਚਾ ਦਾ ਸ਼ਹਿਰੀ ਪ੍ਰਧਾਨ ਨਿਯੁਕਤ ਕੀਤਾ ਗਿਆ। ਇਹੀ ਨਹੀਂ ਇਸ ਮੌਕੇ ਹੋਏ ਸਮਾਗਮ 'ਚ ਲਗਭਗ 20 ਪਰਿਵਾਰ ਭਾਜਪਾ 'ਚ ਸ਼ਾਮਲ ਹੋਏ, ਜਿਨ੍ਹਾਂ ਨੂੰ ਸਿਰੋਪਾਓ ਭੇਟ ਕਰਦਿਆਂ ਪਾਰਟੀ 'ਚ ਆਉਣ 'ਤੇ ਉਨ੍ਹਾਂ ਦਾ ਸਵਾਗਤ ਕੀਤਾ ਗਿਆ ਤੇ ਪਾਰਟੀ 'ਚ ਪੂਰਾ ਮਾਣ-ਸਤਿਕਾਰ ਦੇਣ ਦਾ ਭਰੋਸਾ ਦੁਆਇਆ ਗਿਆ। ਇਸ ਮੌਕੇ ਮੰਚ ਸੰਚਾਲਨ ਗਮਦੂਰ ਸਿੰਘ ਕਿੰਗਰਾ ਨੇ ਕੀਤਾ। ਇਸ ਮੌਕੇ ਵਾਈਸ ਪ੍ਰਧਾਨ ਐਡਵਕੇਟ ਨੀਤੂ, ਕਿਸਾਨ ਮੋਰਚਾ ਦੇ ਪ੍ਰਧਾਨ ਸ਼ਮਿੰਦਰ ਸਿੰਘ, ਐੱਸ ਸੀ ਮੋਰਚਾ ਦੇ ਪ੍ਰਧਾਨ ਰਣਬੀਰ ਗਿੱਲ, ਬਲਾਕ ਪ੍ਰਧਾਨ ਕੁਲਦੀਪ ਕੌਰ ਆਦਿ ਮੌਜੂਦ ਸਨ।

ਟੱਚ ਸਕਾਈ ਨੇ ਦਸ ਦਿਨਾਂ 'ਚ ਕੈਨੇਡਾ ਦਾ ਸਟੱਡੀ ਵੀਜ਼ਾ ਲਵਾਇਆ

ਬਾਘਾ ਪੁਰਾਣਾ (ਮਨੀ ਸਿੰਗਲਾ)-ਬਾਘਾ ਪੁਰਾਣਾ ਦੇ ਮੁਦਕੀ ਰੋਡ ਸਥਿਤ ਟੱਚ ਸਕਾਈ ਇੰਸਟੀਚਿਊਟ ਆਫ ਇੰਗਲਿਸ਼ ਐਂਡ ਇਮੀਗ੍ਰੇਸ਼ਨ ਸਰਵਿਸ ਨੇ ਆਂਚਲ ਪੁੱਤਰੀ ਹੈਪੀ ਮਹਿਤਾ ਵਾਸੀ ਰੌਂਤਾ ਦਾ ਕੈਨੇਡਾ ਦਾ ਸਟੱਡੀ ਵੀਜ਼ਾ 10 ਦਿਨਾਂ 'ਚ ਹਾਸਲ ਕੀਤਾ। ਸੰਸਥਾ ਦੇ ਡਾਇਰੈਕਟਰ ਸੰਦੀਪ ਮਹਿਤਾ ਤੇ ਪੰਕਜ ਗੁਪਤਾ ਨੇ ਕਿਹਾ ਕਿ ਬਹੁ-ਗਿਣਤੀ ਵਿੱਚ ਕੈਨੇਡਾ ਦੇ ਸਟੱਡੀ ਵਿਜ਼ਿਟਰ ਤੇ ਵਰਕ ਪਰਮਿੱਟ ਹਾਸਲ ਕੀਤੇ ਜਾ ਰਹੇ ਹਨ, ਜਿਸ ਦੀ ਕੜੀ ਤਹਿਤ ਆਂਚਲ ਦਾ ਸੈਨਿਕਾ ਕਾਲਜ ਬਰੈਂਪਟਨ ਦਾ ਵੀਜ਼ਾ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਜਾਣ ਦੇ ਚਾਹਵਾਨ ਵਿਅਕਤੀ ਇੱਕ ਵਾਰ ਟੱਚ ਸਕਾਈ ਇੰਸਟੀਚਿਊਟ ਨਾਲ ਸੰਪਰਕ ਕਰ ਸਕਦੇ ਹਨ, ਜਿੱਥੇ ਪਾਰਦਰਸ਼ੀ ਤਰੀਕੇ ਨਾਲ ਫਾਈਲ ਨੂੰ ਅੰਬੈਸੀ ਵਿੱਚ ਭੇਜ ਕੇ ਤੇ ਸਾਫ ਸੁਥਰੇ ਤਰੀਕੇ ਨਾਲ ਕੰਮ ਕਰ ਕੇ ਐਪਲੀਕੈਂਟ ਦਾ ਵੀਜ਼ਾ ਕਰਵਾਇਆ ਜਾਂਦਾ ਹੈ। ਇਸ ਤੋਂ ਬਾਅਦ ਸੰਸਥਾ ਦੇ ਡਾਇਰੈਕਟਰ ਵੱਲੋਂ ਬੱਚੀ ਆਂਚਲ ਨੂੰ ਵੀਜ਼ਾ ਵਾਲਾ ਪਾਸਪੋਰਟ ਹੈਂਡ ਓਵਰ ਕਰ ਵਧਾਈਆਂ ਦਿੱਤੀਆਂ ਗਈਆਂ ਤੇ ਉਸ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ਗਈ।

ਮਸਕੂਲਰ ਡਿਸਟਰਾਫੀ ਬਿਮਾਰੀ ਸੰਬੰਧੀ ਜਾਗਰੂਕਤਾ ਰੈਲੀ

ਲੁਧਿਆਣਾ (ਰਾਜ ਸਿੰਗਲਾ)-ਅਜੋਕੇ ਸਮੇਂ ਵਿੱਚ ਦੁਨੀਆ ਭਰ ਵਿੱਚ ਬਹੁਤ ਸਾਰੀਆਂ ਬਿਮਾਰੀਆਂ ਫੈਲ਼ ਰਹੀਆਂ ਹਨ ਤੇ ਇਨ੍ਹਾਂ ਵਿੱਚੋਂ ਕੁਝ ਬੀਮਾਰੀਆਂ ਅਜਿਹੀਆਂ ਹਨ, ਜਿਨ੍ਹਾਂ ਦਾ ਅਜੇ ਤੱਕ ਇਲਾਜ ਸੰਭਵ ਨਹੀਂ ਹੈ। ਅਜਿਹੀਆਂ ਬਿਮਾਰੀਆਂ ਵਿੱਚੋਂ ਇੱਕ ਬਿਮਾਰੀ ਹੈ ਮਸਕੂਲਰ ਡਿਸਟਰੋਫੀ, ਜੋ ਕਿ ਪੂਰੀ ਦੁਨੀਆ ਵਿੱਚ ਬੜੀ ਤੇਜ਼ੀ ਨਾਲ ਫੈਲ ਰਹੀ ਹੈ। ਅਜਿਹੀਆਂ ਬਿਮਾਰੀਆਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਸੀ.ਐੱਮ.ਸੀ. ਹਸਪਤਾਲ ਲੁਧਿਆਣਾ ਦੇ ਮਸਕੂਲਰ ਸੈਂਟਰ ਵੱਲੋਂ ਲੁਧਿਆਣਾ ਸ਼ਹਿਰ 'ਚ ਜਾਗਰੂਕਤਾ ਰੈਲੀ ਕੱਢੀ ਗਈ ਅਤੇ ਰੈਲੀ ਤੋਂ ਬਾਅਦ ਇਸ ਸਬੰਧੀ ਇੱਕ ਪ੍ਰੋਗਰਾਮ ਵੀ ਸੀ.ਐੱਮ.ਸੀ. ਡੈਂਟਲ ਕਾਲਜ ਲੁਧਿਆਣਾ ਦੇ ਅਸੈਂਬਲੀ ਹਾਲ ਵਿਖੇ ਕਰਵਾਇਆ ਜਾਵੇਗਾ, ਜਿਸ ਵਿੱਚ ਅਜਿਹੀਆਂ ਬਿਮਾਰੀਆਂ ਬਾਰੇ ਵਿਚਾਰ ਵਟਾਂਦਾਰਾ ਕੀਤਾ ਜਾਵੇਗਾ। ਇਸ ਮੌਕੇ ਮਸਕੂਲਰ ਡਿਸਟਰੋਫੀ ਨਾਲ ਪੀੜਤ ਬੱਚਿਆਂ ਤੇ ਉਨ੍ਹਾਂ ਦੇ ਪਰਿਵਾਰਾਂ ਵੱਲੋਂ ਇਸ ਰੈਲੀ ਵਿੱਚ ਭਾਗ ਲਿਆ ਗਿਆ ਅਤੇ ਉਨ੍ਹਾਂ ਸਰਕਾਰ ਤੋਂ ਪੀੜਤ ਪਰਿਵਾਰਾਂ ਲਈ ਮਦਦ ਦੀ ਵੀ ਮੰਗ ਕੀਤੀ।

ਕਾਤਰਾਂ

ਇੰਦਰਪ੍ਰੀਤ ਕੌਰ ਨੂੰ ਕੀਤਾ ਸਨਮਾਨਤ

ਮੋਗਾ (ਅਮਰਜੀਤ ਬੱਬਰੀ)-ਪਿੰਡ ਲੰਡੇਕੇ ਦੀ ਨਿਵਾਸੀ ਬਾਰਵੀਂ ਜਮਾਤ ਦੀ ਵਿਦਿਆਰਥਣ ਇੰਦਰਪ੍ਰੀਤ ਕੌਰ ਸੰਧੂ ਨੇ ਤੁਰਕੀ ਦੇ ਸ਼ਹਿਰ ਇਸਤਾਂਬੁਲ 'ਚ ਅਮਰੀਕਾ ਦੀ ਮਸ਼ਹੂਰ ਸੰਸਥਾ ਦੀ ਬੈਸਟ ਡਿਪਲੋਮੈਟਸ ਸਿਮੂਲੇਸ਼ਨ ਕਾਨਫਰੰਸ ਵਿੱਚ ਹਿੱਸਾ ਲਿਆ ਤੇ ਭਾਰਤ ਦੇਸ਼ ਦੀ ਨੁਮਾਇੰਦਗੀ ਕਰਦਿਆਂ ਆਊਟ ਸਟੈਂਡਿੰਗ ਡਿਪਲੋਮੈਟ ਦਾ ਐਵਾਰਡ ਹਾਸਲ ਕੀਤਾ।ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਦੱਸਿਆ ਕਿ ਮਾਣ ਵਾਲੀ ਗੱਲ ਹੈ ਕਿ ਕਾਨਫਰੰਸ ਵਿੱਚ ਦੁਨੀਆ ਭਰ ਦੇ 62 ਮੁਲਕਾਂ ਦੇ 117 ਡੈਲੀਗੇਟਾਂ ਨੇ ਹਿੱਸਾ ਲਿਆ, ਜਿਸ ਵਿੱਚ ਇੰਦਰਪ੍ਰੀਤ ਨੇ ਇਹ ਮਾਰਕਾ ਮਾਰਿਆ। ਅੱਜ ਅਸੀਂ ਮੋਗਾ ਦੀ ਬੇਟੀ ਨੂੰ ਆਪਣੇ ਦਫਤਰ ਵਿਖੇ ਸਨਮਾਨਤ ਕੀਤਾ ਤੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

ਰਾਜ ਪੱਧਰੀ ਲਾਅਨ ਟੈਨਿਸ ਮੁਕਾਬਲੇ ਕਰਵਾਏ

ਲੁਧਿਆਣਾ (ਰਾਜ ਸਿੰਗਲਾ)-ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਖੇਡ ਵਿਭਾਗ ਦੁਆਰਾ ਰਾਜ ਪੱਧਰੀ ਖੇਡਾਂ ਦੇ ਦੂਜੇ ਪੜਾਅ ਵਿੱਚ ਲਾਅਨ ਟੈਨਿਸ ਦੇ ਮੁਕਾਬਲੇ ਹਾਰਵੈਸਟ ਲਾਅਨ ਟੈਨਿਸ ਅਕੈਡਮੀ ਜਸਵਾਲ ਕੁਲਾਰ ਵਿਖੇ ਸ਼ੁਰੂ ਕਰਵਾਏ ਗਏ। ਲਾਅਨ ਟੈਨਿਸ ਇਵੈਂਟ 14 ਲੜਕੀਆਂ ਦੇ ਕੁਆਟਰ ਫਾਈਨਲ ਮੁਕਾਬਲਿਆਂ ਵਿੱਚ ਐੱਸ.ਏ.ਐੱਸ. ਨਗਰ ਨੇ ਰੂਪਨਗਰ ਨੂੰ 2-0, ਜਲੰਧਰ ਦੀ ਟੀਮ ਨੇ ਬਠਿੰਡੇ ਦੀ ਟੀਮ ਨੂੰ 2-0, ਅੰਮ੍ਰਿਤਸਰ ਦੀ ਟੀਮ ਨੇ ਫਾਜ਼ਿਲਕਾ ਦੀ ਟੀਮ ਨੂੰ 2-0, ਪਟਿਆਲਾ ਦੀ ਟੀਮ ਨੇ ਹੁਸ਼ਿਆਰਪੁਰ ਦੀ ਟੀਮ ਨੂੰ 2-0 ਦੇ ਫਰਕ ਨਾਲ ਹਰਾਇਆ। ਅੰਡਰ 17 ਲੜਕੀਆਂ ਦੇ ਕੁਆਟਰ ਫਾਈਨਲ ਮੁਕਾਬਲਿਆਂ ਵਿੱਚ ਐੱਸ.ਏ.ਐੱਸ. ਨਗਰ ਦੀ ਟੀਮ ਨੇ ਸੰਗਰੂਰ ਦੀ ਟੀਮ ਨੂੰ 2-0, ਪਟਿਆਲਾ ਨੇ ਕਪੂਰਥਲਾ ਨੂੰ 2-0, ਲੁਧਿਆਣਾ ਨੇ ਮਾਨਸਾ ਨੂੰ 2-0 ਤੇ ਅੰਮ੍ਰਿਤਸਰ ਨੇ ਐੱਸ.ਬੀ.ਐੱਸ. ਨਗਰ ਨੂੰ 2-0 ਦੇ ਫਰਕ ਨਾਲ ਹਰਾਇਆ।

ਸਪਰਿੰਗ ਡਿਊ ਸਕੂਲ ਵਿਖੇ ਵਿਗਿਆਨ ਪ੍ਰਦਰਸ਼ਨੀ ਲਗਾਈ

ਜਗਰਾਓਂ (ਅਮਿਤ ਖੰਨਾ)-ਮਾਲਵੇ ਦੀ ਪ੍ਰਸਿੱਧ ਸੰਸਥਾ ਸਪਰਿੰਗ ਡਿਊ ਸਕੂਲ ਨਾਨਕਸਰ ਦੇ ਵਿਦਿਆਰਥੀਆਂ ਦੁਆਰਾ ਸਕੂਲ ਵਿੱਚ ਵਿਗਿਆਨ ਪ੍ਰਦਰਸ਼ਨੀ ਲਗਾਈ ਗਈ, ਜਿਸ ਵਿੱਚ ਵਿਦਿਆਰਥੀਆਂ ਨੇ ਸਾਇੰਸ ਤੇ ਮੈਥਮੈਟਿਕ 'ਤੇ ਅਧਾਰਤ ਵੱਖ-ਵੱਖ ਸਾਇੰਸ ਤੇ ਮੈਥ ਦੇ ਮਾਡਲਾਂ ਦੀ ਪ੍ਰਦਰਸ਼ਨੀ ਲਗਾਈ ਗਈ। ਵਿਦਿਆਰਥੀਆਂ ਨੇ ਸਾਇੰਸ ਮਾਡਲਾਂ ਦੇ ਸਵੈ-ਚਲਿਤ (ਵਰਕਿੰਗ) ਮਾਡਲ ਵੀ ਬਣਾਏ। ਇਸ ਦੌਰਾਨ ਪ੍ਰਦਰਸ਼ਨੀ ਨੂੰ ਦੇਖਣ ਆਏ ਵੱਖ-ਵੱਖ ਮਹਿਮਾਨਾਂ ਤੇ ਮਾਪਿਆਂ ਨੇ ਵਿਦਿਆਰਥੀਆਂ ਦੇ ਇਨ੍ਹਾਂ ਯਤਨਾਂ ਦੀ ਸਹਾਰਨਾ ਕੀਤੀ। ਪ੍ਰਿੰਸੀਪਲ ਨਵਨੀਤ ਚੌਹਾਨ ਨੇ ਸਕੂਲ ਵਿੱਚ ਕਰਵਾਏ ਗਏ ਇਸ ਵਿਗਿਆਨਕ ਮੇਲੇ ਦੀ ਸ਼ਲਾਘਾ ਕੀਤੀ ਤੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ। ਇਸ ਮੌਕੇ ਵਾਇਸ ਪ੍ਰਿੰਸੀਪਲ ਬੇਅੰਤ ਕੁਮਾਰ ਬਾਵਾ ਨੇ ਕਿਹਾ ਕਿ ਲੋਕਾਂ ਵਿੱਚ ਵਿਗਿਆਨ ਪ੍ਰਤੀ ਚੇਤੰਨਤਾ ਪੈਦਾ ਕਰਨ ਦੇ ਲਈ ਅਜਿਹੇ ਮੇਲੇ ਲਗਾਉਣੇ ਲਾਜ਼ਮੀ ਹਨ। ਉਨ੍ਹਾਂ ਇਸ ਮੌਕੇ ਵਿਦਿਆਰਥੀਆਂ ਦੇ ਨਾਲ-ਨਾਲ ਉਨ੍ਹਾਂ ਦੇ ਅਧਿਆਪਕਾਂ ਹਰਮਨਜੋਤ ਕੌਰ (ਭੌਤਿਕ ਵਿਗਿਆਨ), ਪਰਮਵੀਰ ਸਿੰਘ (ਰਸਾਇਣ ਵਿਗਿਆਨ), ਜੋਤੀ ਸ਼ਰਮਾ (ਬਨਸਪਤੀ ਵਿਗਿਆਨ), ਸਤਿੰਦਰਪਾਲ ਕੌਰ, ਪਰਮਜੀਤ ਕੌਰ, ਇੰਦਰਪ੍ਰੀਤ ਸਿੰਘ ਮੈਥੇਮੈਟਿਕਸ ਨੂੰ ਇਸ ਮੇਲੇ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਵਧਾਈ ਦਿੱਤੀ। ਇਸ ਸਮੇਂ ਮੈਨੇਜਰ ਮਨਦੀਪ ਚੌਹਾਨ ਨੇ ਸਮੂਹ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ। ਇਸ ਦੌਰਾਨ ਸਕੂਲ ਮੈਨੇਜਮੈਂਟ ਵੱਲੋਂ ਚੇਅਰਮੈਨ ਬਲਦੇਵ ਬਾਵਾ, ਪ੍ਰਧਾਨ ਮਨਜੋ

18--Otc-PAGE- 8 qxd.qxd 10/17/2023 10:48 PM Page 1

ਪ੍ਰਵਾਸੀ ਔਰਤ ਨੂੰ ਇਨਸਾਫ਼ ਦਿਵਾਉਣ ਲਈ ਧਰਨਾ ਭਲਕੇ

ਨਵਾਂਸ਼ਹਿਰ (ਮਨੋਜ ਲਾਡੀ) ਦੇਸ਼ ਵਿਆਪੀ ਜਥੇਬੰਦੀ ਇਫਟੂ ਨਾਲ ਸਬੰਧਤ ਪਰਵਾਸੀ ਮਜ਼ਦੂਰਾਂ ਦੀਆਂ ਜਥੇਬੰਦੀਆਂ ਰੇਹੜੀ ਵਰਕਰਜ਼ ਯੂਨੀਅਨ, ਪਰਵਾਸੀ ਮਜ਼ਦੂਰ ਯੂਨੀਅਨ ਅਤੇ ਉਸਾਰੀ ਮਿਸਤਰੀ ਮਜ਼ਦੂਰ ਯੂਨੀਅਨ ਨੇ 19 ਅਕਤੂਬਰ ਦਿਨ ਵੀਰਵਾਰ ਨੂੰ ਥਾਣਾ ਨਵਾਂਸ਼ਹਿਰ (ਸਿਟੀ) ਅੱਗੇ ਧਰਨਾ ਲਾਉਣ ਦਾ ਐਲਾਨ ਕੀਤਾ ਹੈ। ਇਹ ਫੈਸਲਾ ਬੀਤੀ ਸ਼ਾਮ ਨਵਾਂਸ਼ਹਿਰ ਵਿਖੇ ਪਰਵਾਸੀ ਮਜ਼ਦੂਰਾਂ ਦੀ ਹੋਈ ਭਰਵੀਂ ਮੀਟਿੰਗ ਵਿੱਚ ਲਿਆ ਗਿਆ। ਮਾਮਲਾ 30 ਸਤੰਬਰ 2023 ਸ਼ਾਮ 7:30 ਵਜੇ ਦੇ ਕਰੀਬ ਦਾ ਹੈ। ਜਦੋਂ ਸਤਿੰਦਰ ਕੁਮਾਰ ਉਰਫ ਰਾਜੂ ਪ੍ਰਵਾਸੀ ਮਜ਼ਦੂਰ ਦੇ ਘਰ ਇਕ ਲੁਟੇਰਾ ਜਬਰੀ ਦਾਖਲ ਹੁੰਦਾ ਹੈ। ਰਾਜੂ ਦੀ ਪਤਨੀ ਮਮਤਾ ਨਾਲ ਬਦਤਮੀਜ਼ੀ ਕਰਦਾ ਹੈ ਅਤੇ ਘਰ ਦੀ ਅਲਮਾਰੀ 'ਚੋਂ ਜਬਰਦਸਤੀ 24 ਹਜ਼ਾਰ ਰੁਪਏ ਨਕਦੀ ਕੱਢ ਕੇ ਲੈ ਜਾਂਦਾ ਹੈ, ਪਰ ਪੁਲਸ ਨੇ ਘਟਨਾ ਦੇ 16 ਦਿਨ ਬਾਅਦ ਵੀ ਕਥਿਤ ਦੋਸ਼ੀ ਉੱਤੇ ਬਣਦੀ ਕਾਰਵਾਈ ਨਹੀਂ ਕੀਤੀ। ਸਗੋਂ ਪੀੜਤ ਪਰਵਾਰ ਨੂੰ ਪੁਲਸ ਵਾਰ ਵਾਰ ਥਾਣੇ ਬੁਲਾਉਂਦੀ ਰਹੀ। ਯੂਨੀਅਨਾਂ ਦੇ ਆਗੂਆਂ ਪ੍ਰਵੀਨ ਕੁਮਾਰ ਨਿਰਾਲਾ, ਹਰੇ ਰਾਮ, ਸ਼ਿਵ ਨੰਦਨ ਅਤੇ ਪੀੜਤਾ ਦੇ ਪਤੀ ਸਤਿੰਦਰ ਕੁਮਾਰ ਉਰਫ ਰਾਜੂ ਨੇ ਇਸ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਰਵਾਸੀ ਮਜ਼ਦੂਰ ਔਰਤ ਮਮਤਾ ਨਾਲ ਬਦਤਮੀਜ਼ੀ ਕਰਨ ਵਾਲਾ ਕਥਿਤ ਦੋਸ਼ੀ ਨਿੱਕਾ ਵਾਸੀ ਮਹਾਲੋਂ ਕਾਲੋਨੀ, ਬੰਗਾ ਰੋਡ ਨਵਾਂਸ਼ਹਿਰ, ਉਹਨਾਂ ਦੇ ਘਰ ਉਸ ਵੇਲੇ ਜਬਰੀ ਦਾਖਲ ਹੋਇਆ ਜਦੋਂ ਮਮਤਾ ਘਰ ਵਿਚ ਇਕੱਲੀ ਸੀ। ਉਸਨੇ ਮਮਤਾ ਨਾਲ ਬਦਤਮੀਜ਼ੀ ਕੀਤੀ, ਉਸਨੂੰ ਡਰਾਇਆ ਧਮਕਾਇਆ ਅਤੇ ਉਹਨਾਂ ਦੀ ਅਲਮਾਰੀ ਵਿਚੋਂ 24 ਹਜਾਰ ਰੁਪਏ ਕੱਢ ਲਏ। ਇਸ ਘਟਨਾ ਬਾਰੇ ਕਿਸੇ ਕੋਲ ਗੱਲ ਕਰਨ 'ਤੇ ਗੰਭੀਰ ਨਤੀਜੇ ਭੁਗਤਣ ਦੀ ਧਮਕੀ ਦੇਕੇ ਨਿੱਕਾ ਨਾਂਅ ਦਾ ਇਹ ਵਿਅਕਤੀ ਉੱਥੋਂ ਚਲਦਾ ਬਣਿਆ। ਇਹ ਲੁੱਟ ਦੀ ਕਾਰਵਾਈ ਬਣਦੀ ਹੈ। ਰਾਜੂ ਨੇ ਘਟਨਾ ਬਾਰੇ ਪੁਲਸ ਦੇ 112 ਨੰਬਰ ਉੱਤੇ ਫੋਨ ਕਰਕੇ ਪੁਲਸ ਨੂੰ ਇਸ ਲੁੱਟ ਦੀ ਵਾਰਦਾਤ ਬਾਰੇ ਜਾਣਕਾਰੀ ਦਿੱਤੀ ਰਾਜੂ ਆਪ ਰਾਤ 9 : 30 ਵਜੇ ਦੇ ਕਰੀਬ ਰਾਜੂ ਨੇ ਥਾਣੇ ਪਹੁੰਚ ਕੇ ਇਸ ਸੰਬੰਧੀ ਲਿਖਤੀ ਰਿਪੋਰਟ ਪੁਲਸ ਨੂੰ ਦੇ ਕੇ ਗਿਆ। ਘਟਨਾ ਦੇ ਤੀਜੇ ਦਿਨ ਐਸ ਐਚ ਓ ਥਾਣਾ ਮੁਖੀ ਨੂੰ ਮਿਲਣ ਤੋਂ ਬਾਅਦ ਪੁਲਸ ਨੇ ਰਾਜੂ ਦੇ ਘਰ ਆਕੇ ਰਾਜੂ ਅਤੇ ਉਸ ਦੀ ਪਤਨੀ ਮਮਤਾ ਦੇ ਬਿਆਨ ਲਏ। ਪੁਲਸ ਨੇ ਘਰ 'ਚ ਲੱਗੇ ਸੀ ਸੀ ਟੀ ਵੀ ਕੈਮਰੇ ਦੀਆਂ ਫੁਟੇਜ ਵੀ ਦੇਖੀਆਂ ਜਿਸ 'ਚ ਕਥਿਤ ਦੋਸ਼ੀ ਘਰ ਦੇ ਅੰਦਰ ਵੜਕੇ ਮਮਤਾ ਨਾਲ ਬਦਤਮੀਜ਼ੀ ਕਰਦਾ ਹੈ। ਘਰ ਦੇ ਬੈੱਡਰੂਮ ਵਿਚ ਸੀ ਸੀ ਟੀ ਵੀ ਕੈਮਰਾ ਨਹੀਂ ਹੈ ਜਿੱਥੇ ਅਲਮਾਰੀ ਪਈ ਹੈ। ਸੀ ਸੀ ਟੀ ਵੀ ਦੀ ਫੁਟੇਜ 'ਚ ਕਥਿਤ ਦੋਸ਼ੀ ਸਾਫ ਪਛਾਣ ਹੁੰਦਾ ਹੈ। ਐਸ.ਐਚ.ਓ ਦਾ ਇਹ ਕਹਿਣਾ ਕਿ ਮਮਤਾ ਸ਼ਾਮਲ ਤਫਤੀਸ਼ ਨਹੀਂ ਹੋ ਰਹੀ ਸਰਾਸਰ ਝੂਠ ਹੈ ਜਦਕਿ ਏ ਐਸ ਆਈ ਸੁਰਿੰਦਰ ਕੁਮਾਰ, ਐਸ ਐਚ ਓ ਨਰੇਸ਼ ਕੁਮਾਰੀ ਅਤੇ ਡੀ ਐਸ ਪੀ ਮਾਧਵੀ ਸ਼ਰਮਾ ਪੀੜਤ ਮਮਤਾ ਦੇ ਬਿਆਨ ਲੈ ਚੁੱਕੇ ਹਨ। ਕਥਿਤ ਦੋਸ਼ੀ ਵਿਰੁੱਧ ਕਾਰਵਾਈ ਕਰਨ ਦੀ ਮੰਗ ਨੂੰ ਲ ਕੇ ਬੀਤੇ ਦਿਨੀ ਜਨਤਕ ਜਥੇਬੰਦੀਆਂ ਦਾ ਇਕ ਵਫਦ ਐਸ ਐਸ ਪੀ ਨੂੰ ਵੀ ਮਿਲ ਚੁੱਕਾ ਹੈ ਪਰ ਅੱਜ ਤੱਕ ਕਿਤੋਂ ਵੀ ਇਨਸਾਫ ਨਹੀਂ ਮਿਲਿਆ। ਸੁਪਰੀਮ ਕੋਰਟ ਦੀ ਰੂਲਿੰਗ ਵੀ ਇਹੀ ਕਹਿੰਦੀ ਹੈ ਪਰ ਕਿਸੇ ਨੂੰ ਦੋਸ਼ੀ ਠਹਿਰਾਉਣਾ ਜਾਂ ਬਰੀ ਕਰਨਾ ਅਦਾਲਤ ਦਾ ਕੰਮ ਹੈ ਨਾ ਕਿ ਪੁਲਸ ਦਾ। ਆਗੂਆਂ ਨੇ ਕਿਹਾ ਕਿ ਜੇਕਰ ਇਨਸਾਫ਼ ਨਹੀਂ ਮਿਲਦਾ ਤਾਂ 19 ਅਕਤੂਬਰ ਨੂੰ ਥਾਣਾ ਸਿਟੀ ਨਵਾਂਸ਼ਹਿਰ ਅੱਗੇ ਹਰ ਹਾਲਤ ਵਿਚ ਧਰਨਾ ਦਿੱਤਾ ਜਾਵੇਗਾ। ਧਰਨੇ ਤੋਂ ਪਹਿਲਾਂ ਬੱਸ ਅੱਡਾ ਨਵਾਂਸ਼ਹਿਰ ਵਿਖੇ ਇਕੱਠ ਕੀਤਾ ਜਾਵੇਗਾ।

ਪ੍ਰੋ. ਅਨੂਪ ਵਿਰਕ ਦੇ ਵਿਛੋੜੇ 'ਤੇ ਦੇਸ਼ ਭਗਤ ਹਾਲ 'ਚ ਸੋਕ ਸਭਾ

ਜਲੰਧਰ (ਕੇਸਰ) ਪੰਜਾਬੀ ਕਾਵਿ ਜਗਤ ਦੀ ਜਾਣੀ ਪਹਿਚਾਣੀ ਸਖਸੀਅਤ ਪ੍ਰੋ.ਅਨੂਪ ਵਿਰਕ ਦੇ ਵਿਛੋੜੇ ਤੇ ਦੇਸ਼ ਭਗਤ ਯਾਦਗਾਰ ਕਮੇਟੀ ਨੇ ਪਰਿਵਾਰ, ਸਾਕ-ਸਬੰਧੀਆਂ ਅਤੇ ਸੰਗੀ ਸਾਥੀਆਂ ਨਾਲ ਗਹਿਰੇ ਦੁੱਖ ਦਾ ਇਜਹਾਰ ਕੀਤਾ। ਪ੍ਰੋ ਅਨੂਪ ਵਿਰਕ ਗਦਰੀ ਬਾਬਿਆਂ ਦੇ ਮੇਲੇ 'ਤੇ ਹੋਣ ਵਾਲੇ ਕਵੀ ਦਰਬਾਰ ਮੌਕੇ ਆਪਣੀਆਂ ਰਚਨਾਵਾਂ ਸਰੋਤਿਆਂ ਨਾਲ ਸਾਂਝੀਆਂ ਕਰਕੇ ਗਦਰੀ ਬਾਬਿਆਂ ਦੀ ਕਰਨੀ ਨੂੰ ਕਾਵਿਕ ਸ਼ਬਦਾਂ ਨਾਲ ਸਲਾਮ ਕਰਦਿਆਂ ਚੇਤਨਾ ਦੇ ਦੀਪ ਜਗਾਇਆ ਕਰਦੇ ਸਨ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਦੋ ਵਾਰ ਪ੍ਰਧਾਨ ਰਹੇ ਪ੍ਰੋ. ਅਨੂਪ ਵਿਰਕ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਆਪਣੀਆਂ ਸੇਵਾਵਾਂ ਦਿੰਦੇ ਰਹੇ। ਸਾਂਝੇ ਪੰਜਾਬ ਦੀ ਵੰਡ ਦੇ ਦਰਦ ਵਰਗੀਆਂ ਨਜ਼ਮਾਂ ਉਹਨਾਂ ਦੀ ਸੰਵੇਦਨਾ ਅਤੇ ਸਮਾਜਿਕ ਸਰੋਕਾਰਾਂ ਦੀ ਮੂੰਹ ਬੋਲਦੀ ਦਸਤਾਵੇਜ ਹਨ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਖਜਾਨਚੀ ਸ਼ੀਤਲ ਸਿੰਘ ਸੰਘਾ, ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਮੇਟੀ ਮੈਂਬਰ ਰਣਜੀਤ ਸਿੰਘ ਔਲਖ, ਸੁਰਿੰਦਰ ਕੁਮਾਰੀ ਕੋਛੜ ਅਤੇ ਕਮੇਟੀ ਮੈਂਬਰ ਹਰਵਿੰਦਰ ਭੰਡਾਲ ਨੇ ਦੇਸ਼ ਭਗਤ ਯਾਦਗਾਰ ਹਾਲ ਵਿਖੇ ਸੋਕ ਬੈਠਕ ਕਰਕੇ ਜਿਥੇ ਪਰਵਾਰ ਨੂੰ ਹੌਸਲਾ ਦਿੱਤਾ ਓਥੇ ਇਹ ਅਹਿਦ ਵੀ ਲਿਆ ਕਿ ਕਮੇਟੀ ਆਪਣੀਆਂ ਸਰਗਰਮੀਆਂ ਮੌਕੇ ਉਹਨਾਂ ਦੇ ਜੀਵਨ ਸਫਰ ਅਤੇ ਕਾਵਿ ਸਫਰ ਨੂੰ ਸਦਾ ਯਾਦ ਰੱਖਿਆ ਜਾਏਗਾ।

ਸਪੈਸ਼ਲ ਬੱਚਿਆਂ ਵੱਲੋਂ ਬਣਾਈਆਂ ਮੋਮਬੱਤੀਆਂ ਦੀ ਪ੍ਰਦਰਸ਼ਨੀ

ਹੁਸ਼ਿਆਰਪੁਰ, (ਬਲਵੀਰ ਸਿੰਘ) ਜੇ.ਐਸ.ਐਸ. ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਨ ਖੇਲਾਂ ਹੁਸ਼ਿਆਰਪੁਰ ਦੇ ਸਪੈਸ਼ਲ ਬੱਚਿਆਂ ਵਲੋਂ ਬਣਾਈਆਂ ਮੋਮਬੱਤੀਆਂ ਦੀ ਪ੍ਰਦਰਸ਼ਨੀ ਜੈਮਜ਼ ਕੈਂਬਰਿਜ ਇੰਟਰਨੈਸ਼ਨਲ ਸਕੂਲ ਹੁਸ਼ਿਆਰਪੁਰ ਵਿਖੇ ਲਗਾਈ ਗਈ। ਇਸ ਪ੍ਰਦਰਸ਼ਨੀ ਦਾ ਉਦਘਾਟਨ ਸਕੂਲ ਦੇ ਪ੍ਰਿੰਸੀਪਲ ਸ਼ਰਤ ਕੁਮਾਰ ਸਿੰਘ ਨੇ ਕੀਤਾ। ਇਸ ਮੌਕੇ ਤੇ ਸਪੈਸ਼ਲ ਬੱਚਿਆਂ ਵੱਲੋਂ ਬਣਾਈਆਂ ਗਈਆਂ ਸਜਾਵਟੀ ਮੋਮਬੱਤੀਆਂ, ਫਲੋਟਿੰਗ ਮੋਮਬੱਤੀਆਂ, ਜੈਲ ਮੋਮਬੱਤੀਆਂ ਆਦਿ ਦੀ ਖੂਬ ਖਰੀਦਦਾਰੀ ਕੀਤੀ ਗਈ। ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਸਕੱਤਰ ਹਰਬੰਸ ਸਿੰਘ, ਮਲਕੀਤ ਸਿੰਘ ਮਹੇਰੂ, ਹਰੀਸ਼ ਠਾਕੁਰ ਨੇ ਵਸਲ ਗਰੁੱਪ ਆਫ ਐਜੂਕੇਸ਼ਨ ਹੁਸ਼ਿਆਰਪੁਰ ਦੇ ਚੇਅਰਮੈਨ ਸੰਜੀਵ ਵੱਸਲ ਅਤੇ ਪ੍ਰਿੰਸੀਪਲ ਸ਼ਰਤ ਕੁਮਾਰ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰਿੰਸੀਪਲ ਸ਼ੈਲੀ ਸ਼ਰਮਾ, ਵਾਈਸ ਪ੍ਰਿੰਸੀਪਲ ਇੰਦੂ ਬਾਲਾ, ਗੁਰਪ੍ਰਸ਼ਾਦ ਸ਼ਰਮਾ, ਸ਼੍ਰੀਮਤੀ ਜੋਤੀ, ਸਪੈਸ਼ਲ ਵਿਦਿਆਰਥੀ ਜਸਕਰਨ, ਆਰਿਅਨ, ਜਸਕਿਰਤ ਸਿੰਘ ਅਤੇ ਰੋਹਿਤ ਕੁਮਾਰ ਮੌਜੂਦ ਸਨ।

ਜੁਗਾੜੂ ਰੇਹੜਾ ਵਰਕਰਾਂ ਵੱਲੋਂ ਦੋਆਬਾ ਜ਼ੋਨਲ ਕਮੇਟੀ ਦਾ ਗਠਨ

ਨਵਾਂਸ਼ਹਿਰ (ਮਨੋਜ ਲਾਡੀ) ਜੁਗਾੜੂ ਰੇਹੜਾ ਯੂਨੀਅਨ(ਇਫਟੂ) ਨੇ ਇੱਥੇ ਮੀਟਿੰਗ ਕਰਕੇ ਸ਼ਹੀਦ ਭਗਤ ਸਿੰਘ ਨਗਰ ਅਤੇ ਜਲੰਧਰ ਜਿਲਿਆਂ ਦੀ 7 ਮੈਂਬਰੀ ਦੁਆਬਾ ਜੋਨ ਐਡਹਾਕ ਕਮੇਟੀ ਬਣਾਈ ਹੈ। ਜਿਸ ਵਿਚ ਜਲੰਧਰ ਜਿਲ੍ਹੇ ਵਿੱਚੋਂ 4 ਮੈਂਬਰ ਬਿਸ਼ੰਬਰ ਦਾਸ ਅਤੇ ਬਖਸ਼ੀਸ਼ ਸਿੰਘ ਮਹਿਤ ਪੁਰ, ਪਾਲਾ ਪ੍ਰਧਾਨ ਅਤੇ ਰਾਜ ਕੁਮਾਰ ਨੂਰਮਹਿਲ ਅਤੇ 3 ਮੈਂਬਰ ਨਿੱਕੂ ਜੇਮਸ ਮਸੀਹ, ਤਿਲਕ ਰਾਜ ਅਤੇ ਰਾਕੇਸ਼ ਕੁਮਾਰ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਲਏ ਗਏ ਹਨ। ਇਸ ਮੀਟਿੰਗ ਵਿੱਚ ਹੁਸ਼ਿਆਰਪੁਰ, ਕਪੂਰਥਲਾ ਅਤੇ ਰੋਪੜ ਜਿਲ੍ਹਿਆਂ ਵਿਚ ਜਥੇਬੰਦੀ ਬਣਾਕੇ ਇਸ ਜੋਨਲ ਕਮੇਟੀ ਨੂੰ ਵਿਸਥਾਰ ਦੇਣ ਦਾ ਫੈਸਲਾ ਕੀਤਾ ਗਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਇਫਟੂ ਪੰਜਾਬ ਦੇ ਪ੍ਰੈਸ ਸਕੱਤਰ ਜਸਬੀਰ ਦੀਪ ਅਤੇ ਉੱਪ ਸੂਬਾ ਸਕੱਤਰ ਅਵਤਾਰ ਸਿੰਘ ਤਾਰੀ ਨੇ ਕਿਹਾ ਕਿ ਦੋਆਬਾ ਖੇਤਰ ਵਿੱਚ ਜੁਗਾੜੂ ਰੇਹੜਾ ਚਾਲਕਾਂ ਦੀ ਗਿਣਤੀ ਬਹੁਤ ਵੱਡੀ ਹੈ ਜੋ ਜੋਨਲ ਪੱਧਰ ਉੱਤੇ ਜਥੇਬੰਦ ਨਹੀਂ ਸਨ। ਇਹ ਕਮੇਟੀ ਬਣਨ ਨਾਲ ਇਹਨਾਂ ਦੀ ਤਾਕਤ ਵਧੀ ਹੈ। ਉਹਨਾਂ ਨੇ ਜੁਗਾੜੂ ਰੇਹੜਾ ਚਾਲਕਾਂ ਨੂੰ ਤਿੱਖੇ ਸੰਘਰਸ਼ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ।

ਕਿਸਾਨਾਂ ਦੀ ਫਸਲ ਨੂੰ ਬਾਰਿਸ਼ ਤੋਂ ਬਚਾਉਣ ਲਈ ਪ੍ਰਸ਼ਾਸਨ ਵੱਲੋਂ ਮੰਡੀਆਂ 'ਚ ਢੁਕਵੇਂ ਪ੍ਰਬੰਧ

ਜਲੰਧਰ, (ਸੁਰਿੰਦਰ ਕੁਮਾਰ) ਕਿਸਾਨਾਂ ਦੀ ਫਸਲ ਨੂੰ ਬਾਰਿਸ਼ ਤੋਂ ਬਚਾਉਣ ਲਈ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਢੁੱਕਵੇਂ ਪ੍ਰਬੰਧ ਯਕੀਨੀ ਬਣਾਏ ਗਏ ਹਨ ਅਤੇ ਕਿਸਾਨਾਂ ਵੱਲੋਂ ਮੰਡੀਆਂ ਵਿੱਚ ਲਿਆਂਦੀ ਫਸਲ ਦੇ ਢੇਰਾਂ ਨੂੰ ਢਕਣ ਲਈ ਲੋੜੀਂਦੀ ਮਾਤਰਾ ਵਿੱਚ ਤਰਪਾਲਾਂ ਮੁਹੱਈਆ ਕਰਵਾਈਆਂ ਗਈਆਂ ਹਨ। ਇਸ ਸੰਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਬੇਮੌਸਮੀ ਬਾਰਿਸ਼ ਦੇ ਮੱਦੇਨਜ਼ਰ ਅਨਾਜ ਮੰਡੀਆਂ ਵਿੱਚ ਪਹਿਲਾਂ ਹੀ ਲੋੜੀਂਦੀ ਮਾਤਰਾ ਵਿੱਚ ਤਰਪਾਲਾਂ ਉਪਲਬਧ ਕਰਵਾ ਦਿੱਤੀਆਂ ਗਈਆਂ ਸਨ ਤਾਂ ਜੋ ਮੰਡੀਆਂ ਵਿੱਚ ਪਏ ਅਨਾਜ ਦੇ ਢੇਰਾਂ ਨੂੰ ਨੁਕਸਾਨ ਤੋਂ ਬਚਾਉਣ ਲਈ ਢਕਿਆ ਜਾ ਸਕੇ। ਉਨ੍ਹਾਂ ਦੱਸਿਆ ਕਿ ਬਾਰਿਸ਼ ਦੇ ਚੱਲਦਿਆਂ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਝੋਨੇ ਦੀ ਆਮਦ ਕੁਝ ਘਟੀ ਹੈ, ਜੋ ਕਿ ਮੌਸਮ ਠੀਕ ਹੁੰਦੇ ਸਾਰ ਰਫਤਾਰ ਫੜ ਲਵੇਗੀ। ਉਨ੍ਹਾਂ ਦੱਸਿਆ ਕਿ 15 ਅਕਤੂਬਰ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 142884 ਮੀਟ੍ਰਿਕ ਟਨ ਝੋਨਾ ਆਇਆ ਹੈ, ਜਿਸ 'ਚੋਂ ਹੁਣ ਤੱਕ 141031 ਮੀਟ੍ਰਿਕ ਟਨ ਫਸਲ ਦੀ ਵੱਖ-ਵੱਖ ਖਰੀਦ ਏਜੰਸੀਆਂ ਵੱਲੋਂ ਖਰੀਦ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਪਨਗ੍ਰੇਨ ਵੱਲੋਂ 49139 ਮੀਟ੍ਰਿਕ ਟਨ, ਮਾਰਕਫੈੱਡ ਵੱਲੋਂ 34516 ਮੀਟ੍ਰਿਕ ਟਨ, ਪਨਸਪ ਵੱਲੋਂ 43488 ਮੀਟ੍ਰਿਕ ਟਨ, ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਵੱਲੋਂ 13322 ਮੀਟ੍ਰਿਕ ਟਨ ਅਤੇ ਪ੍ਰਾਈਵੇਟ ਵਪਾਰੀਆਂ ਵੱਲੋਂ 566 ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਖਰੀਦ ਕੀਤੀ ਫਸਲ ਦੀ ਕਿਸਾਨਾਂ ਨੂੰ 276 ਕਰੋੜ ਰੁਪਏ ਅਦਾਇਗੀ ਕੀਤੀ ਜਾ ਚੁੱਕੀ ਹੈ।

ਮੁਫਤ ਹੋਮੀਓਪੈਥਿਕ ਕੈਂਪ ਲਗਾਇਆ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ) 33ਵੇਂ ਮਹਾਨ ਕੀਰਤਨ ਦਰਬਾਰ ਮੌਕੇ ਉਬਰਾਏ ਹੋਮਿਓਪੈਥਿਕ ਸਟੋਰ ਵੱਲੋਂ ਮੁਫਤ ਹੋਮਿਓਪੈਥਿਕ ਕੈਂਪ ਲਗਾਇਆ ਗਿਆ। ਜੋ ਕਿ ਭਾਈ ਘਨਈਆ ਦੀਆਂ ਮਾਨਵਤਾਵਾਦੀ ਸੇਵਾਵਾਂ ਨੂੰ ਸਮਰਪਿਤ ਸੀ। ਇਸ ਕੈਂਪ 'ਚ 1500 ਦੇ ਕਰੀਬ ਮਰੀਜ਼ਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਡੋਂਗੂ ਤੋਂ ਬਚਾਓ ਲਈ ਦਵਾਈਆਂ ਵੰਡੀਆਂ ਗਈਆਂ ਅਤੇ ਡਾਕਟਰ ਹਰਜਿੰਦਰ ਸਿੰਘ ਉਬਰਾਏ ਵੱਲੋਂ ਲਿਖਤ ਕਿਤਾਬ ਸਿਹਤ ਮੰਦ ਰਹਿਣ ਦੇ ਨਿਯਮ ਵੰਡੀ ਗਈ। ਸਿੰਘ ਵੈਲਫੇਅਰ ਸੁਸਾਇਟੀ ਹੁਸ਼ਿਆਰਪੁਰ ਵੱਲੋਂ ਡਾਕਟਰ ਹਰਜਿੰਦਰ ਸਿੰਘ ਉਬਰਾਏ ਨੂੰ ਉਹਨਾਂ ਦੁਆਰਾ ਕੀਤੀਆਂ ਜਾ ਰਹੀਆਂ ਸੇਵਾਵਾਂ ਲਈ ਵਿਸ਼ੇਸ਼ ਸਨਮਾਨ ਦਿੱਤਾ ਗਿਆ। ਇਸ ਮੌਕੇ ਰਵਨੀਤ ਕੌਰ ਉਬਰਾਏ , ਰਮਨਪ੍ਰੀਤ ਸਿੰਘ ਉਬਰਾਏ, ਪ੍ਰੋਫੈਸਰ ਬਹਾਦਰ ਸਿੰਘ ਸੁਨੇਤ, ਬਲਬੀਰ ਸਿੰਘ, ਜਗਜੀਤ ਸਿੰਘ ਬਤਰਾ, ਅਮਰਜੀਤ ਸਿੰਘ, ਸੰਦੀਪ ਕੁਮਾਰ, ਲਖਵੀਰ ਸਿੰਘ ਭਾਰਜ, ਜਤਿੰਦਰ ਸਿੰਘ ਸੋਹਲ, ਬੀਬੀ ਰਜਿੰਦਰ ਕੌਰ, ਆਸ਼ੂ ਗੋਇਲ, ਮਨਵੀਰ ਅਤੇ ਅਭੀਸ਼ੇਕ ਸਿੰਘ ਆਦਿ ਹਾਜ਼ਰ ਸਨ।

ਬਸਪਾ ਆਗੂ ਡਾ. ਹਰਭਜ ਮਹਿਮੀ ਤੇ ਸੰਮਤੀ ਮੈਂਬਰ ਸੰਤੋਖ ਲਾਲ ਸਾਥੀਆਂ ਨਾਲ 'ਆਪ' 'ਚ ਸ਼ਾਮਲ

ਮਾਹਿਲਪੁਰ (ਸਫਰੀ, ਨਿਰਮਲ ਸਿੰਘ ਮੁੱਗੋਵਾਲ) -ਅੱਜ ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਦੀ ਆਮ ਆਦਮੀ ਪਾਰਟੀ ਨੂੰ ਉਸ ਸਮੇਂ ਭਾਰੀ ਬਲ ਮਿਲਿਆ ਜਦੋਂ ਬਸਪਾ ਨੂੰ ਅਲਵਿਦਾ ਆਖਦੇ ਹੋਏ ਡਾ.ਹਰਭਜ ਮਹਿਮੀ ਜ਼ਿਲ੍ਹਾ ਇੰਚਾਰਜ ਬਸਪਾ ਤੇ ਸੰਮਤੀ ਮੈਂਬਰ ਸੰਤੋਖ ਲਾਲ ਆਪਣੇ ਲੱਗਭਗ ਦੋ ਦਰਜਨ ਦੇ ਕਰੀਬ ਸਾਥੀਆਂ ਨਾਲ ਹਲਕਾ ਵਿਧਾਇਕ ਤੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਏ। ਸ਼ਾਮਲ ਹੋਣ ਵਾਲੇ ਸਾਥੀਆਂ ਦੇ ਪਾਰਟੀ ਦੇ ਮਫਲਰ ਪਹਿਨਾ ਕੇ ਰੌੜੀ ਨੇ ਪਾਰਟੀ 'ਚ ਸ਼ਾਮਲ ਕਰਦਿਆਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੁਆਰਾ ਹਰ ਵਰਗ ਲਈ ਕੀਤੇ ਜਾ ਰਹੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਵੱਖ-ਵੱਖ ਪਾਰਟੀਆਂ ਦੇ ਚੰਗੇ ਲੋਕ ਆਪ 'ਚ ਸ਼ਾਮਲ ਹੋ ਰਹੇ ਹਨ। ਉਨ੍ਹਾਂ ਨਵੇਂ ਆਏ ਸਾਥੀਆਂ ਨੂੰ ਵਿਸ਼ਵਾਸ ਦਿਵਾਇਆ ਕਿ

18--Otc-PAGE- 9 qxd.qxd 10/17/2023 10:47 PM Page 1

ਮਾਮਲਾ ਨਿਊਜਕਲਿੱਕ ਦਾ: ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਮੋਦੀ ਸਰਕਾਰ ਖਿਲਾਫ ਧਰਨਾ

ਨਵਾਂਸ਼ਹਿਰ, ਬਹਿਰਾਮ (ਕੁਲਵਿੰਦਰ ਸਿੰਘ ਦੁਰਗਾਪੁਰੀਆ, ਅਵਤਾਰ ਕਲੇਰ) ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸਵਤੰਤਰ ਕੁਮਾਰ,ਬਲਾਕ ਸਕੱਤਰ ਕਾਮਰੇਡ ਮੁਕੰਦ ਲਾਲ, ਕਾਮਰੇਡ ਪਰਵਿੰਦਰ ਕੁਮਾਰ ਮੋਨਕਾ ਅਤੇ ਸਾਥੀਆਂ ਵਲੋਂ ਕੇਂਦਰ ਦੀ ਮੋਦੀ ਸਰਕਾਰ ਵੱਲੋਂ , ਦਿੱਲੀ ਪੁਲਸ ਰਾਹੀਂ ਨਿਊਜ ਕਲਿੱਕ ਅਤੇ ਨਿਊਜ ਪੋਰਟਲ ਨਾਲ ਸਬੰਧਿਤ ਪੱਤਰਕਾਰਾਂ ਪ੍ਰਵੀਰ ਪੁਰਕਾਯਸਥ, ਅਮਿਤ ਚਕਰਵਰਤੀ ਨੂੰ ਯੂ ਏ ਪੀ ਏ ਤਹਿਤ ਗ੍ਰਿਫਤਾਰ ਕਰਨ ਅਤੇ ਉਰਮਿਲੇਸ਼, ਅਭਿਸਾਰ ਸ਼ਰਮਾ, ਪਰੰਜਓਇਆ ਗੁਹਾ ਠਾਕੁਰਤਾ , ਭਾਸ਼ਾ ਸਿੰਘ ਅਤੇ ਮੁਕੁਲ ਸਰਲ ਸਮੇਤ ਕਈ ਪੱਤਰਕਾਰਾਂ ਨੂੰ ਪੁੱਛਗਿੱਛ ਤੋਂ ਬਾਅਦ ਛੱਡ ਦੇਣ ਤੋਂ ਬਾਅਦ ਉਨ੍ਹਾਂ ਦੇ ਮੁਬਾਇਲ ਅਤੇ ਲੈਪਟਾਪ ਜਬਤ ਕਰ ਲਏ ਗਏ। ਮੋਦੀ ਸਰਕਾਰ ਦੀ ਹਿਟਲਰਸ਼ਾਹੀ ਵਰੋਧ ਵਿੱਚ ਸੀ ਪੀ ਆਈ ਦੇ ਦਫਤਰ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ਬੰਗਾ ਰੋਡ ਨਵਾਂਸ਼ਹਿਰ ਤੋਂ ਚੰਡੀਗੜ੍ਹ ਚੌਂਕ ਤੱਕ ਰੋਸ ਮਾਰਚ ਕਰਨ ਉਪਰੰਤ ਮੋਦੀ ਸਰਕਾਰ ਖਿਲਾਫ ਧਰਨਾ ਦਿੱਤਾ ਗਿਆ। ਇਸ ਧਰਨੇ ਨੂੰ ਕਾਮਰੇਡ ਨਿਰੰਜਣ ਦਾਸ ਮੇਹਲੀ, ਕਿਸਾਨ ਆਗੂ ਜਸਵਿੰਦਰ ਸਿੰਘ ਭੰਗਲ , ਜੁਝਾਰ ਸਿੰਘ, ਪੰਜਾਬ ਇਸਤਰੀ ਸਭਾ ਦੀ ਆਗੂ ਕਾਮਰੇਡ ਗੁਰਬਖਸ਼ ਕੌਰ ਰਾਹੋਂ, ਕਾਮਰੇਡ ਨਿਰਮਲ ਕੌਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਬੇਬਾਕ ਪੱਤਰਕਾਰੀ ਕਰਨ ਵਾਲੇ ਸਾਥੀਆਂ 'ਤੇ ਆਪਣੀਆਂ ਏਜੇਂਸੀਆ ਰਾਹੀਂ ਵਲੋਂ ਕਾਰਵਾਈ ਕਰਵਾਉਣੀ ਬੇਹੱਦ ਸ਼ਰਮਨਾਕ ਹੈ । ਉਹਨਾਂ ਨੇ ਕਿਹਾ ਕਿ ਮੋਦੀ ਸਰਕਾਰ 2024 ਦੀਆਂ ਚੋਣਾਂ ਵਿੱਚ ਆਪਣੀ ਹਾਰ ਨੂੰ ਦੇਖਦਿਆਂ ਬੁਖਲਾਹਟ ਵਿੱਚ ਕਾਰਪੋਰੇਟੀ ਤਾਕਤ ਨਾਲ ਪੱਤਰਕਾਰਾਂ ਦੀ ਸੱਚ ਦੀ ਆਵਾਜ ਅਤੇ ਕਲਮ ਦੇ ਨਿਧੜਕ ਵਾਰ ਨੂੰ ਨਹੀਂ ਰੋਕ ਸਕਦੀ। ਉਨ੍ਹਾਂ ਕਿਹਾ ਕਿ ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਸਹੀਦ ਭਗਤ ਸਿੰਘ ਨਗਰ, ਪੱਤਰਕਾਰਾਂ 'ਤੇ ਸੰਗੀਨ ਜੁਰਮ ਅਧੀਨ ਪਰਚੇ ਦਰਜ ਕਰਨ ਦਾ ਵਿਰੋਧ ਕਰਦੀ ਹੈ। ਇਸ ਤੋਂ ਇਲਾਵਾ ਆਗੂਆਂ ਨੇ ਪੰਜਾਬ ਦੀ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ 12 ਘੰਟੇ ਦੀ ਕੰਮ ਦਿਹਾੜੀ ਕਰਨ ਦੇ ਨੋਟੀਫਿਕੇਸ਼ਨ ਨੂੰ ਰੱਦ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਲੱਗਭੱਗ 150 ਸਾਲ ਦੇ ਸੰਘਰਸ਼ ਤੋਂ ਬਾਅਦ ਅੱਠ ਘੰਟੇ ਦੀ ਕੰਮ ਦਿਹਾੜੀ ਦੀ ਮੰਗ ਮਨਵਾਈ ਗਈ ਸੀ, ਸਰਕਾਰ ਨੂੰ ਇਹ ਨੋਟੀਫਿਕੇਸਨ ਤੁਰੰਤ ਵਾਪਸ ਲੈਣਾ ਚਾਹੀਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਵੀਰ ਸਿੰਘ ਮਹਿਤ ਪੁਰ, ਦਸੌਂਧਾ ਸਿੰਘ, ਸੱਤ ਪਾਲ, ਹਰਮੇਸ਼ ਬਿੱਲਾ,ਧਰਮ ਪਾਲ ਸਿਆਣਾ, ਭੋਲੂ ਬਲਾਚੌਰ, ਮਨੋਹਰ ਲਾਲ ਸੋਂਧੀ, ਚਮਨ ਲਾਲ, ਲਾਲੀ ਰੁੜਕੀ, ਮੋਹਣ ਲਾਲ, ਪੂਰਨ, ਸਵਰਨ ਰਾਮ, ਹਰਮੇਸ ਕੁਮਾਰ, ਗੁਰਮੇਲ ਸਿੰਘ, ਤਰਸੇਮ ਲਾਲ, ਮੇਹਲੀ ਬਰਾਂਚ ਤੋਂ ਕਾਮਰੇਡ ਅਮਰਜੀਤ ਸਿੰਘ, ਸਾਬਕਾ ਸਰਪੰਚ ਕਾਮਰੇਡ ਜਗਦੀਸ਼ ਕੌਰ, ਹੁਸਨ ਲਾਲ, ਗੁਰਮੇਲ ਸਿੰਘ, ਤਰਸੇਮ ਕੌਰ, ਬਿਮਲਾ ਦੇਵੀ, ਸੋਨੀ ਕੁਮਾਰ, ਬੀਨਾ ਰਾਣੀ, ਮੇਜਰ ਕੁਮਾਰ ਬੈਰਸਾਲ , ਸੰਤੋਖ ਪਾਲ ਗਗਨਦੀਪ ਬੈਰਸਾਲ, ਜਸਵਿੰਦਰ ਲਾਲ, ਗੁਰਿੰਦਰ ਲਾਲ, ਕਮਲੇਸ਼, ਗੁਰਮੁਖ ਸਿੰਘ ਫਰਾਲਾ, ਗੁਰਨਾਮ ਸਿੰਘ ਮੁੰਨਾ, ਸੱਤਿਆ ਦੇਵੀ ਆਦਿ ਹਾਜਰ ਸਨ।

ਸਵਾਮੀਨਾਥਨ ਰਿਪੋਰਟ 'ਤੇ ਚੰਡੀਗੜ੍ਹ ਵਿਖੇ ਹੋ ਰਹੀ ਮੀਟਿੰਗ ਦਾ ਸਮਰਥਨ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਆਜਾਦ ਕਿਸਾਨ ਸੰਘਰਸ਼ ਕਮੇਟੀ ਲਾਚੋਵਾਲ ਦੁਆਬਾ ਦੀ ਮੀਟਿੰਗ ਕਮੇਟੀ ਦੇ ਪ੍ਰਧਾਨ ਪਰਮਿੰਦਰ ਸਿੰਘ ਲਾਚੋਵਾਲ ਦੀ ਅਗਵਾਈ ਹੇਠ ਅਸਲਪੁਰ ਵਿਖੇ ਹੋਈ। ਕਿਸਾਨ ਜਥੇਬੰਦੀਆਂ ਦੀ ਸਵਾਮੀਨਾਥਨ ਰਿਪੋਰਟ ਨੂੰ ਲੈ ਕੇ ਚੰਡੀਗੜ੍ਹ ਵਿਖੇ ਹੋ ਰਹੀ ਮੀਟਿੰਗ ਦਾ ਸਮਰਥਨ ਕੀਤਾ ਗਿਆ। ਕਮੇਟੀ ਦੇ ਪ੍ਰਧਾਨ ਪਰਮਿੰਦਰ ਸਿੰਘ ਲਾਚੋਵਾਲ ਨੇ ਕਿਹਾ ਕਿ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਕਿਸਾਨਾਂ ਦੀ ਦਿਨੋਂ ਦਿਨ ਹਾਲਤ ਖਰਾਬ ਹੁੰਦੀ ਜਾ ਰਹੀ ਹੈ ਜੇਕਰ ਕਿਸਾਨ ਜਥੇਬੰਦੀਆਂ ਇੱਕਜੁੱਟ ਹੋ ਕੇ ਸਵਾਮੀਨਾਥਨ ਰਿਪੋਰਟ ਨੂੰ ਲਾਗੂ ਕਰਾਉਣਣ ਲਈ ਦ੍ਰਿੜ ਸੰਕਲਪ ਕਰਦੀਆਂ ਹਨ ਤਾਂ ਆਉਣ ਵਾਲੇ ਸਮੇਂ ਵਿੱਚ ਕਿਸਾਨੀ ਦੀ ਹਾਲਤ ਨੂੰ ਸੁਧਾਰਿਆ ਜਾ ਸਕਦਾ ਤੇ ਮਰ ਰਹੀ ਕਿਰਸਾਨੀ ਨੂੰ ਬਚਾਇਆ ਜਾ ਸਕਦਾ ਹੈ। ਇਸ ਸਮੇਂ ਗੁਰਦੀਪ ਸਿੰਘ ਖੁਣਖੁਣ ਸਰਪ੍ਰਸਤ, ਹਰਪ੍ਰੀਤ ਸਿੰਘ ਲਾਲੀ, ਰਣਧੀਰ ਸਿੰਘ ਅਸਲਪੁਰ, ਸਤਵੰਤ ਸਿੰਘ ਮੁਰਾਦਪੁਰ, ਧਿਆਨ ਸਿੰਘ ਲਾਚੋਵਾਲ, ਕਿਰਪਾਲ ਸਿੰਘ ਪੰਡੋਰੀ ਖਜੂਰ, ਅਕਬਰ ਸਿੰਘ ਬੁਰੇ ਜੱਟਾਂ, ਕੁਲਦੀਪ ਸਿੰਘ ਦੇਗੀਵਾਲ ,ਪ੍ਰੀਤਮ ਸਿੰਘ ਨੰਗਲ ਕਲਾਲ, ਜਸਪਾਲ ਸਿੰਘ ਰਾਜਾ, ਬਿਕਰ ਸਿੰਘ ਸੇਰਪੁਰ, ਪਰਮਿੰਦਰ ਸਿੰਘ ਖਾਨਪੁਰ, ਲੰਬੜਦਾਰ ਮਨਜੀਤ ਸਿੰਘ ਖੁਣਖੁਣ ਆਦਿ ਹਾਜਰ ਸਨ।

ਸਾਂਝਾ ਅਧਿਆਪਕ ਮੋਰਚਾ ਪੰਜਾਬ ਵੱਲੋਂ ਅਧਿਆਪਕਾਂ ਦੀ ਸ਼ਿਫਟਿੰਗ ਦਾ ਵਿਰੋਧ

ਜਲੰਧਰ (**ਰਾਜੇਸ਼ ਥਾਪਾ**) ਸਾਂਝਾ ਅਧਿਆਪਕ ਮੋਰਚਾ ਪੰਜਾਬ ਦੇ ਕਨਵੀਨਰਾਂ ਅਤੇ ਕੋ-ਕਨਵੀਨਰਾਂ ਦੀ ਵਰਚੁਅਲ ਮੀਟਿੰਗ ਸੁਰਿੰਦਰ ਕੰਬੋਜ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਬਲਜੀਤ ਸਿੰਘ ਸਲਾਣਾ, ਸੁਰਿੰਦਰ ਕੁਮਾਰ ਪੁਆਰੀ, ਸੁਖਵਿੰਦਰ ਸਿੰਘ ਚਾਹਲ, ਹਰਵਿੰਦਰ ਸਿੰਘ ਬਿਲਗਾ, ਗੁਰਜੰਟ ਸਿੰਘ ਵਾਲੀਆ, ਜਸਵਿੰਦਰ ਸਿੰਘ ਔਲਖ, ਬਾਜ ਸਿੰਘ ਖਹਿਰਾ, ਸੁਖਰਾਜ ਸਿੰਘ ਕਾਹਲੋਂ, ਸੁਖਜਿੰਦਰ ਸਿੰਘ ਹਰੀਕਾ, ਨਰੰਜਣਜੋਤ ਚਾਂਦਪੁਰੀ, ਗੁਰਬਿੰਦਰ ਸਿੰਘ ਸਸਕੌਰ, ਗੁਰਪ੍ਰੀਤ ਸਿੰਘ ਮਾੜੀਮੇਘਾ, ਨਵਪ੍ਰੀਤ ਬੱਲੀ, ਹਰਜੀਤ ਸਿੰਘ ਜੁਨੇਜਾ ਆਦਿ ਹਾਜਰ ਸਨ। ਮੋਰਚੇ ਦੇ ਕੋ-ਆਰਡੀਨੇਟਰ ਕੁਲਦੀਪ ਸਿੰਘ ਦੌੜਕਾ ਨੇ ਦੱਸਿਆ ਕਿ ਸਮੂਹ ਕਨਵੀਨਰਾਂ ਅਤੇ ਕੋ-ਕਨਵੀਨਰਾਂ ਨੇ ਸਿੱਖਿਆ ਵਿਭਾਗ ਵਲੋਂ ਅਧਿਆਪਕ ਬਦਲੀ ਨੀਤੀ ਨੂੰ ਛਿੱਕੇ ਟੰਗ ਕੇ ਅਧਿਆਪਕਾਂ ਦੀ ਦੂਰ ਦੁਰਾਡੇ ਦੇ ਐਮੀਨੈਂਸ ਸਕੂਲਾਂ ਵਿੱਚ ਕੀਤੀਆਂ ਗਈਆਂ ਜਬਰੀ ਬਦਲੀਆਂ ਦੀ ਨਿਖੇਧੀ ਕੀਤੀ ਗਈ। ਉਨ੍ਹਾਂ ਪੰਜਾਬ ਦੇ ਸਮੁੱਚੇ ਸਕੂਲਾਂ ਦੇ ਵਿਦਿਆਰਥੀਆਂ ਨੂੰ ਸਿੱਖਿਆ ਦੇ ਬਰਾਬਰ ਮੌਕੇ ਦੇਣ ਦੇ ਬੁਨਿਆਦੀ ਸੰਵਿਧਾਨਕ ਅਧਿਕਾਰ ਨੂੰ ਲਾਗੂ ਕਰਨ ਲਈ ਐਮੀਨੈਂਸ ਸਕੂਲਾਂ ਵਾਲੀਆਂ ਸਹੂਲਤਾਂ ਦੇਣ ਦੀ ਮੰਗ ਕੀਤੀ। ਜਦੋਂ ਕਿ ਪੰਜਾਬ ਦੇ ਸਮੁੱਚੇ ਸਕੂਲ ਅਧਿਆਪਕਾਂ ਦੀ ਘਾਟ ਦਾ ਸੰਤਾਪ ਭੋਗ ਰਹੇ ਹਨ, ਉਦੋਂ ਸਰਕਾਰ ਇਨ੍ਹਾਂ ਸਕੂਲਾਂ ਵਿੱਚੋਂ ਅਧਿਆਪਕਾਂ ਨੂੰ ਐਮੀਨੈਂਸ ਸਕੂਲਾਂ ਵਿੱਚ ਸ਼ਿਫਟ ਕਰਕੇ ਆਮ ਵਿਦਿਆਰਥੀਆਂ ਕੋਲੋਂ ਸਿੱਖਿਆ ਦਾ ਰਹਿੰਦਾ ਖੂੰਹਦਾ ਹੱਕ ਵੀ ਖੋਹ ਰਹੀ ਹੈ। ਪੰਜਾਬ ਦੇ ਵਿਦਿਆਰਥੀਆਂ ਨਾਲ ਇਹ ਵਿਤਕਰੇ ਭਰਿਆ ਵਰਤਾਉ ਰਾਸ਼ਟਰੀ ਸਿੱਖਿਆ ਨੀਤੀ ਲਾਗੂ ਕਰਦਿਆਂ ਕੀਤਾ ਜਾ ਰਿਹਾ ਹੈ। ਕੱਚੇ ਅਧਿਆਪਕਾਂ ਨੂੰ ਪੱਕੇ ਕਰਨ ਦੇ ਨਾਂਅ 'ਤੇ ਸਿਰਫ ਮਾਣ ਭੱਤੇ ਵਿੱਚ ਹੀ ਵਾਧਾ ਕਰਕੇ ਦੇਸ਼ ਵਿੱਚ ਅਧਿਆਪਕਾਂ ਦਾ ਸੋਸ਼ਣ ਕਰਨ ਦੀ ਨਵੀਂ ਪਿਰਤ ਪਾਈ ਗਈ ਹੈ। ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਦਾ ਲੰਗੜਾ ਨੋਟੀਫਿਕੇਸ਼ਨ ਕਰਕੇ ਪੰਜਾਬ ਦੇ ਅਧਿਆਪਕਾਂ ਅਤੇ ਮੁਲਾਜਮਾਂ ਨਾਲ ਵਿਸ਼ਵਾਸਘਾਤ ਕੀਤਾ ਗਿਆ ਹੈ। ਅਧਿਆਪਕਾਂ ਦੀਆਂ ਭਖਦੀਆਂ ਮੰਗਾਂ ਮੰਨਵਾਉਣ ਲਈ 19 ਅਤੇ 20 ਅਕਤੂਬਰ ਨੂੰ ਤਹਿਸੀਲ / ਜ਼ਿਲ੍ਹਾ ਪੱਧਰੀ ਅਰਥੀ ਫੂਕ ਮੁਜਾਹਰੇ ਕੀਤੇ ਜਾਣਗੇ। ਮੰਗਾਂ ਨਾ ਮੰਨਣ ਦੀ ਸੂਰਤ ਵਿੱਚ ਸਾਂਝਾ ਅਧਿਆਪਕ ਮੋਰਚਾ ਪੰਜਾਬ ਸਿੱਖਿਆ ਮੰਤਰੀ ਵਿਰੁੱਧ ਜਥੇਬੰਦਕ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਵੇਗਾ।

ਕਾਂਸ਼ੀ ਰਾਮ ਦੀ 17ਵੀਂ ਬਰਸੀ ਮੌਕੇ ਸਾਹਿਬਜ਼ਾਦਾ ਅਜੀਤ ਸਿੰਘ ਇੰਸਟੀਚਿਊਟ ਵਰਕਰ ਕਲੱਬ ਵਿਖੇ ਵਿਸ਼ਾਲ ਸਮਾਗਮ

ਫਗਵਾੜਾ (**ਜਗਵਿੰਦਰ ਢੱਡਾ**)- ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਸੁਸਾਇਟੀ ਰਜਿ. ਰੇਲ ਕੋਚ ਫੈਕਟਰੀ ਕਪੂਰਥਲਾ ਵੱਲੋਂ ਬਹੁਜਨ ਨਾਇਕ, ਬਾਮਸੇਫ ਅਤੇ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਮਾਣਯੋਗ ਸਾਹਿਬ ਕਾਂਸ਼ੀ ਰਾਮ ਦੀ 17ਵੀਂ ਬਰਸੀ ਮੌਕੇ ਆਰ.ਸੀ.ਐਫ ਦੇ ਸਾਹਿਬਜ਼ਾਦਾ ਅਜੀਤ ਸਿੰਘ ਇੰਸਟੀਚਿਊਟ ਵਰਕਰ ਕਲੱਬ ਵਿਖੇ ਵਿਸ਼ਾਲ ਸਮਾਗਮ ਕਰਵਾਇਆ ਗਿਆ, ਜਿਸ ਦੀ ਪ੍ਰਧਾਨਗੀ ਡਾ. ਡਿਪਟੀ ਚੀਫ ਕੁਆਲਿਟੀ ਅਫਸਰ ਰਾਕੇਸ਼ ਕੁਮਾਰ, ਸਹਾਇਕ ਕਮਾਂਡੈਂਟ ਨਰਿੰਦਰ ਕੁਮਾਰ, ਸਹਾਇਕ ਫੈਕਟਰੀ ਮੈਨੇਜਰ ਰਾਮ ਜੀ ਲਾਲ ਅਤੇ ਅੰਬੇਡਕਰ ਸੁਸਾਇਟੀ ਦੇ ਪ੍ਰਧਾਨ ਕ੍ਰਿਸ਼ਨ ਲਾਲ ਜੱਸਲ ਆਦਿ ਨੇ ਸਾਂਝੇ ਤੌਰ 'ਤੇ ਕੀਤੀ। ਸਾਹਿਬ ਕਾਂਸ਼ੀ ਰਾਮ ਦੀ ਤਸਵੀਰ ਨੂੰ ਸਰਧਾਂਜਲੀ ਭੇਟ ਕਰਕੇ ਸਨਮਾਨਤ ਕੀਤਾ ਗਿਆ। ਸਟੇਜ ਸੰਚਾਲਨ ਦੀ ਭੂਮਿਕਾ ਨਿਭਾਉਂਦੇ ਹੋਏ ਸੁਸਾਇਟੀ ਦੇ ਜਨਰਲ ਸਕੱਤਰ ਧਰਮਪਾਲ ਪੈਂਥਰ ਨੇ ਕਿਹਾ ਕਿ ਸਾਹਿਬ ਕਾਂਸ਼ੀ ਰਾਮ ਦੇ 17ਵੇਂ ਪਰਿਨਿਰਵਾਣ ਦਿਵਸ 'ਤੇ ਸੈਮੀਨਾਰ ਕਰਵਾਉਣ ਦਾ ਮਕਸਦ 85 ਫੀਸਦੀ ਦਲਿਤ ਅਤੇ ਬਹੁਜਨ ਆਬਾਦੀ ਨੂੰ ਇਕਜੁੱਟ ਰਹਿਣ ਦਾ ਸੰਦੇਸ਼ ਦੇਣਾ ਹੈ ਅਤੇ ਦੇਸ ਅਤੇ ਸਮਾਜ ਵਿੱਚ ਜਾਗਰੂਕਤਾ ਫੈਲਾਉਣ ਲਈ ਹੈ। ਲਾਰਡ ਬੁੱਧ ਐਜੂਕੇਸ਼ਨ ਟਰੱਸਟ ਦੇ ਪ੍ਰਧਾਨ ਪੂਰਨ ਸਿੰਘ ਨੇ ਮੀਟਿੰਗ ਵਿੱਚ ਹਾਜ਼ਰ ਲੋਕਾਂ ਨੂੰ ਭਾਰਤੀ ਸੰਵਿਧਾਨ ਦੇ ਉਦੇਸ਼ਾਂ ਬਾਰੇ ਸਹੁੰ ਚੁਕਾਈ। ਸਮਾਗਮ ਦੇ ਮੁੱਖ ਬੁਲਾਰੇ ਮਾਸਟਰ ਕੁਸ਼ਲ ਕੁਮਾਰ ਸੰਜੋਯਕ ਬਾਮਸੇਫ ਪੰਜਾਬ ਨੇ ਸਾਹਿਬ ਕਾਂਸ਼ੀ ਰਾਮ ਨੂੰ ਕੁਰਬਾਨੀ ਵਾਲੀ ਰਾਜਨੀਤੀ ਦੇ ਚਾਣਕਯ ਅਤੇ ਬੇਬਾਕ ਆਗੂ ਦੱਸਿਆ। ਉਨ੍ਹਾਂ ਦੇ ਜੀਵਨ ਅਤੇ ਮਿਸਨ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਬਾਬਾ ਸਾਹਿਬ ਅੰਬੇਡਕਰ ਦੇ ਅਕਾਲ ਚਲਾਣੇ ਤੋਂ ਬਾਅਦ ਬਹੁਜਨ ਮਿਸਨ ਵਿੱਚ ਇੱਕ ਖਲਾਅ ਪੈਦਾ ਹੋ ਗਿਆ ਸੀ, ਜਿਸ ਕਰਕੇ ਉਸ ਸਮੇਂ ਦੀਆਂ ਸਰਕਾਰਾਂ ਬਾਬਾ ਸਾਹਿਬ ਦੇ ਜਨਮ ਦਿਨ ਅਤੇ ਪਰਿਨਿਰਵਾਣ ਦਿਵਸ ਪ੍ਰਤੀ ਸੰਵੇਦਨਹੀਣ ਹੋ ਗਈਆਂ ਸਨ। ਮਾਣਯੋਗ ਕਾਂਸੀ ਰਾਮ ਨੇ ਕਲਾਸ ਵਨ ਸਾਇੰਟਿਸਟ ਦੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਅਤੇ ਆਪਣਾ ਸਾਰਾ ਜੀਵਨ ਬਹੁਜਨ ਮਿਸ਼ਨ ਨੂੰ ਸਮਰਪਤ ਕਰ ਦਿੱਤਾ ਅਤੇ ਬਾਬਾ ਸਾਹਿਬ ਦੇ ਰੁਕੇ ਹੋਏ ਕਾਫਲੇ ਨੂੰ ਅੱਗੇ ਵਧਾਇਆ। ਅੱਜ ਸਾਨੂੰ ਮਾਣਯੋਗ ਕਾਂਸ਼ੀ ਰਾਮ ਦੇ ਅਧੂਰੇ ਸੁਪਨਿਆਂ ਨੂੰ ਪੂਰਾ ਕਰਨ ਲਈ ਉਪਰਾਲੇ ਕਰਨੇ ਪੈਣਗੇ। ਇਸ ਮੌਕੇ ਸਹਾਇਕ ਕਮਾਂਡੈਂਟ ਨਰੇਂਦਰ ਕੁਮਾਰ ਨੇ ਕਿਹਾ ਕਿ ਸਾਹਿਬ ਕਾਂਸ਼ੀ ਰਾਮ ਦਾ ਜੀਵਨ ਬਹੁਤ ਹੀ ਸੰਘਰਸ਼ਮਈ ਰਿਹਾ। ਇਸ ਮੌਕੇ ਆਲ ਇੰਡੀਆ ਐਸ.ਸੀ./ਐਸ.ਟੀ ਐਸੋਸੀਏਸ਼ਨ ਰੇਲ ਕੋਚ ਫੈਕਟਰੀ ਦੇ ਪ੍ਰਧਾਨ ਜੀਤ ਸਿੰਘ, ਜਨਰਲ ਸਕੱਤਰ ਸੋਹਣ ਬੈਠਾ, ਓ ਬੀ ਸੀ ਐਸੋਸੀਏਸ਼ਨ ਦੇ ਜ਼ੋਨਲ ਪ੍ਰਧਾਨ ਉਮਾਸ਼ੰਕਰ ਸਿੰਘ, ਸਕੱਤਰ ਪ੍ਰਮੋਦ ਕੁਮਾਰ, ਸ੍ਰੀ ਗੁਰੂ ਰਵਿਦਾਸ ਸੇਵਕ ਸਭਾ ਦੇ ਜਨਰਲ ਸਕੱਤਰ ਝਲਮਣ ਸਿੰਘ, ਸਾਹਿਤਕਾਰ ਆਰ. ਕੇ. ਪਾਲ, ਨਾਰੀ ਸ਼ਕਤੀ ਸੰਗਠਨ ਦੇ ਜਨਰਲ ਸਕੱਤਰ ਮੈਡਮ ਸੰਗੀਤਾ ਅਤੇ ਯੂਨਿਟੀ ਕਲੱਬ ਆਰੀਆਂਵਾਲ ਦੇ ਪ੍ਰਧਾਨ ਸੋਨੂੰ ਆਰੀਆਂਵਾਲ ਆਦਿ ਨੇ ਸਾਂਝੇ ਤੌਰ 'ਤੇ ਕਿਹਾ ਕਿ ਕਾਂਸੀ ਰਾਮ ਦੇ ਜੀਵਨ ਵਿੱਚ ਉਨ੍ਹਾਂ ਦੀ ਕਹੀ ਹੋਈ ਗੱਲ ਵਿੱਚ ਕੋਈ ਫਰਕ ਨਹੀਂ ਸੀ। ਅਜਿਹੇ ਸਮਾਜ ਸੁਧਾਰਕ ਸੰਸਾਰ ਵਿੱਚ ਕਦੇ-ਕਦਾਈਂ ਪੈਦਾ ਹੁੰਦੇ ਹਨ। ਅੰਬੇਡਕਰ ਸੁਸਾਇਟੀ ਦੇ ਪ੍ਰਧਾਨ ਕ੍ਰਿਸ਼ਨ ਲਾਲ ਜੱਸਲ ਨੇ ਸਾਰਿਆਂ ਦਾ ਧੰਨਵਾਦ ਕੀਤਾ। ਸ੍ਰੀ ਗੁਰੂ ਰਵਿਦਾਸ ਸੇਵਕ ਸਭਾ ਵੱਲੋਂ ਸਾਬਕਾ ਪ੍ਰਧਾਨ ਅਮਰਜੀਤ ਸਿੰਘ ਮੱਲ ਦੇ ਸਹਿਯੋਗ ਨਾਲ ਲੰਗਰ ਦੀ ਸੇਵਾ ਕੀਤੀ ਗਈ। ਗੋਸ਼ਟੀ ਨੂੰ ਸਫਲ ਬਣਾਉਣ ਲਈ ਸੁਸਾਇਟੀ ਦੇ ਸੀਨੀਅਰ ਮੀਤ ਪ੍ਰਧਾਨ ਸੰਤੋਖ ਰਾਮ ਜਨਾਗਲ, ਮੀਤ ਪ੍ਰਧਾਨ ਨਿਰਮਲ ਸਿੰਘ, ਪੂਰਨ ਚੰਦ, ਬਾਮਸੇਫ ਦੇ ਕਨਵੀਨਰ ਕਸ਼ਮੀਰ ਸਿੰਘ, ਆਡੀਟਰ ਦੇਸ ਰਾਜ, ਗੁਰਬਖਸ਼ ਸਲੋਹ, ਧਰਮਵੀਰ, ਰਵਿੰਦਰ ਕੁਮਾਰ, ਸੁਦੇਸ਼ ਪਾਲ ਐਸ.ਐਸ.ਈ., ਸ਼ਿਵ ਕੁਮਾਰ ਸੁਲਤਾਨਪੁਰੀ, ਅਵਤਾਰ. ਸਿੰਘ ਝੰਮਟ, ਸੰਨੀ ਕੁਮਾਰ, ਅਸ਼ੋਕ ਭਾਰਤੀ, ਲੱਖੀ ਬਾਬੂ ਰਣਜੀਤ ਸਿੰਘ, ਰਵਿੰਦਰ ਕੁਮਾਰ, ਕ੍ਰਿਸਨ ਸਿੰਘ, ਪ੍ਰਤੀਸ਼ ਕੁਮਾਰ, ਵਿਜੇ ਕੁਮਾਰ, ਅਰਵਿੰਦ ਕੁਮਾਰ, ਰੂਪ ਲਾਲ, ਟੇਕ ਚੰਦ ਅਤੇ ਹਰਵਿੰਦਰ ਸਿੰਘ ਖਹਿਰਾ ਆਦਿ ਨੇ ਸ਼ਮੂਲੀਅਤ ਕੀਤੀ।

ਝੋਨੇ ਦੀ ਪਰਾਲੀ ਨੂੰ ਬਾਲਣ ਵਜੋਂ ਵਰਤਿਆ ਜਾਵੇ : ਡਾ. ਲਛਮਣ ਦਾਸ

ਬਹਿਰਾਮ (**ਅਵਤਾਰ ਕਲੇਰ**)- ਖੇਤੀਬਾੜੀ ਵਿਭਾਗ ਪੰਜਾਬ ਵੱਲੋਂ ਝੋਨੇ ਦੀ ਪਰਾਲੀ ਅਤੇ ਹੋਰ ਫਸਲੀ ਰਹਿੰਦ-ਖੂੰਹਦ ਦੇ ਸੁਚੱਜੇ ਪ੍ਰਬੰਧ ਲਈ ਚਲਾਈ ਜਾ ਰਹੀ ਮੁਹਿਮ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਅਤੇ ਮੁੱਖ ਖੇਤੀਬਾੜੀ ਅਫਸਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਬਲਾਕ ਬੰਗਾ ਦੇ ਪਿੰਡ ਚੇਤਾ ਵਿਖੇ ਸੀ.ਆਰ.ਐਮ. ਸਕੀਮ ਤਹਿਤ ਕਿਸ

18-OCT-PAGE-10.qxd 10/17/2023 10:35 PM Page 1

ਸਿਵਲ ਹਸਪਤਾਲ 'ਚ ਬਣੇਗਾ ਨਵਾਂ ਆਈ ਸੀ ਯੂ ਕੇਂਦਰ : ਡਾ. ਬਲਵੀਰ ਸਿੰਘ

■ ਬੱਚਤ ਭਵਨ ਵਿਖੇ ਲਗਾਏ ਖੂਨਦਾਨ ਕੈਂਪ ਦਾ ਕੀਤਾ ਉਦਘਾਟਨ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਸੂਬੇ ਪ੍ਰਤੀ ਅਗਾਂਹਵਧੂ ਸੋਚ ਨੂੰ ਮੁੱਖ ਰੱਖਦੇ ਹੋਏ ਫੈਸਲਾ ਕੀਤਾ ਗਿਆ ਹੈ ਕਿ ਹਰੇਕ ਸਾਲ ਸ੍ਰ. ਮਾਨ ਦੇ ਜਨਮ ਦਿਨ ਨੂੰ ਖੂਨਦਾਨ ਦਿਵਸ ਵਜੋਂ ਮਨਾਇਆ ਜਾਵੇਗਾ ਤੇ ਵੱਡੀ ਪੱਧਰ 'ਤੇ ਖੂਨਦਾਨ ਕੈਂਪ ਲਗਾਏ ਜਾਣਗੇ ਤਾਂ ਜੋ ਲੋੜਵੰਦਾਂ ਨੂੰ ਵੱਧ ਤੋਂ ਵੱਧ ਰਾਹਤ ਮਿਲ ਸਕੇ। ਇਹ ਐਲਾਨ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ: ਬਲਵੀਰ ਸਿੰਘ ਨੇ ਬੱਚਤ ਭਵਨ ਵਿਖੇ ਮੁੱਖ ਮੰਤਰੀ ਪੰਜਾਬ ਦੇ ਜਨਮ ਦਿਨ ਮੌਕੇ ਲਗਾਏ ਗਏ ਵਿਸ਼ਾਲ ਖੂਨਦਾਨ ਕੈਂਪ ਦਾ ਉਦਘਾਟਨ ਕਰਨ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਪਾਰਟੀ ਪੱਧਰ 'ਤੇ ਲਏ ਗਏ ਇਸ ਫੈਸਲੇ ਅਨੁਸਾਰ ਅੱਜ ਪੰਜਾਬ ਭਰ 'ਚ 138 ਖੂਨਦਾਨ ਕੈਂਪ ਲਗਾਏ ਜਾ ਰਹੇ ਹਨ। ਉਨ੍ਹਾ ਦੱਸਿਆ ਕਿ ਪੰਜਾਬ ਅੰਦਰ ਹਰੇਕ 10 ਦਿਨ ਲਈ 7-8 ਹਜ਼ਾਰ ਯੂਨਿਟ ਖੂਨ ਦੀ ਲੋੜ ਪੈਂਦੀ ਹੈ, ਜਦੋਂਕਿ ਪੰਜਾਬ ਅੰਦਰ ਖੂਨਦਾਨੀ ਬਹੁਤ ਜ਼ਿਆਦਾ ਹਨ। ਉਨ੍ਹਾ ਕਿਹਾ ਕਿ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਖੂਨਦਾਨੀਆਂ ਦੀ ਇੱਕ ਵੱਖਰੀ ਲਿਸਟ ਬਣਾ ਕੇ ਸੂਬਾ ਪੱਧਰ 'ਤੇ ਵਟਸਐਪ ਗਰੁੱਪ ਵੀ ਤਿਆਰ ਕੀਤਾ ਜਾਵੇਗਾ ਤਾਂ ਜੋ ਕੋਈ ਵੀ ਵਿਅਕਤੀ ਖੂਨ ਦੀ ਲੋੜ ਪੈਣ 'ਤੇ ਉਨ੍ਹਾਂ ਨਾਲ ਸੰਪਰਕ ਕਰ ਸਕੇ। ਮੁੱਖ ਮੰਤਰੀ ਸਿਹਤ ਬੀਮਾ ਕਾਰਡ ਸਬੰਧੀ ਪੁੱਛੇ ਗਏ ਇੱਕ ਸਵਾਲ ਦੇ ਜਵਾਬ ਵਿੱਚ ਸਿਹਤ ਮੰਤਰੀ ਨੇ ਕਿਹਾ ਕਿ ਪੰਜਾਬ ਅੰਦਰ 70 ਲੱਖ ਲੋਕਾਂ ਦੇ ਸਿਹਤ ਬੀਮਾ ਕਾਰਡ ਬਣੇ ਹੋਏ ਹਨ, ਜਦੋਂਕਿ ਅਜੇ 90 ਲੱਖ ਨਵੇਂ ਕਾਰਡ ਹੋਰ ਬਣਾਏ ਜਾਣਗੇ। ਉਨ੍ਹਾ ਕਿਹਾ ਕਿ ਜਿਹੜੇ ਪਰਿਵਾਰਾਂ ਦੇ ਆਟਾ ਦਾਲ ਸਕੀਮ ਦੇ ਨੀਲੇ ਰਾਸ਼ਨ ਕਾਰਡ ਬਣੇ ਹੋਏ ਹਨ, ਪੱਤਰਕਾਰ, ਜੇ ਫਾਰਮ ਵਾਲੇ ਕਿਸਾਨ, ਰਜਿਸਟਰਡ ਕਾਮੇ ਜਾਂ ਰਜਿਸਟਰਡ ਆੜ੍ਹਤੀਏ, ਟਰੇਡਰਜ਼, ਸੁਤੰਤਰਤਾ ਸੈਨਾਨੀ ਆਦਿ ਇਹ ਕਾਰਡ ਬਣਵਾ ਸਕਦੇ ਹਨ। ਹਸਪਤਾਲਾਂ ਅੰਦਰ ਡਾਕਟਰਾਂ ਦੀ ਘਾਟ ਸਬੰਧੀ ਸਿਹਤ ਮੰਤਰੀ ਨੇ ਦੱਸਿਆ ਕਿ ਸਿਹਤ ਵਿਭਾਗ ਕੋਲ ਹੁਣ 272 ਵੱਖ-ਵੱਖ ਬਿਮਾਰੀਆਂ ਦੇ ਮਾਹਰ ਡਾਕਟਰ ਆ ਗਏ ਹਨ ਤੇ ਮੈਡੀਕਲ ਕਾਲਜਾਂ ਵਿੱਚ ਵੱਖ-ਵੱਖ ਕੋਰਸ ਕਰਨ ਵਾਲੇ 300 ਹੋਰ ਡਾਕਟਰਾਂ ਨੂੰ ਇਸ ਸਾਲ ਰੋਜ਼ਗਾਰ ਦਿੱਤਾ ਗਿਆ ਹੈ। ਉਨ੍ਹਾ ਦੱਸਿਆ ਕਿ ਆਉਂਦੇ ਸਮੇਂ ਅੰਦਰ 350 ਨਵੇਂ ਡਾਕਟਰ ਭਰਤੀ ਕੀਤੇ ਜਾ ਰਹੇ ਹਨ। ਉਨ੍ਹਾ ਕਿਹਾ ਕਿ ਹਰੇਕ ਜ਼ਿਲ੍ਹਾ ਹਸਪਤਾਲ ਅੰਦਰ ਐਮਰਜੰਸੀ ਵਿੰਗ ਬਣਾਇਆ ਜਾਵੇਗਾ ਤੇ ਐਮਰਜੰਸੀ ਵਿੰਗ ਵੀ ਡਿਜੀਟਲ ਕੀਤੇ ਜਾਣਗੇ। ਉਨ੍ਹਾ ਦੱਸਿਆ ਕਿ ਫ਼ਤਹਿਗੜ੍ਹ ਸਾਹਿਬ ਦੇ ਸਿਵਲ ਹਸਪਤਾਲ ਅੰਦਰ ਆਉਂਦੇ ਛੇ ਮਹੀਨਿਆਂ ਅੰਦਰ ਵੈਂਟੀਲੇਟਰ ਲਗਾ ਦਿੱਤਾ ਜਾਵੇਗਾ। ਇਸ ਮੌਕੇ ਫ਼ਤਹਿਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਵੀਰ ਸਿੰਘ ਰਾਏ ਤੇ ਬਸੀ ਪਠਾਣਾ ਦੇ ਵਿਧਾਇਕ ਰੁਪਿੰਦਰ ਸਿੰਘ ਹੈਪੀ ਨੇ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਸੂਬੇ ਦਾ ਵਿਕਾਸ ਕਰਨ ਤੇ ਬੇਰੋਜ਼ਗਾਰਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਲਈ, ਜਿਸ ਸੰਜੀਦਗੀ ਨਾਲ ਕੰਮ ਕਰ ਰਹੇ ਹਨ, ਉਹ ਬੇਮਿਸਾਲ ਹੈ। ਇਸ ਮੌਕੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸ: ਅਜੈ ਸਿੰਘ ਲਿਬੜਾ, ਡਿਪਟੀ ਕਮਿਸ਼ਨਰ ਸ਼੍ਰੀਮਤੀ ਪ੍ਰਨੀਤ ਸ਼ੇਰਗਿੱਲ, ਜ਼ਿਲ੍ਹਾ ਪੁਲਸ ਮੁਖੀ ਡਾ: ਰਵਜੋਤ ਗਰੇਵਾਲ, ਵਧੀਕ ਡਿਪਟੀ ਕਮਿਸ਼ਨਰ (ਜ) ਸ਼੍ਰੀਮਤੀ ਈਸ਼ਾ ਸਿੰਗਲ, ਸਿਵਲ ਸਰਜਨ ਡਾ: ਦਵਿੰਦਰਜੀਤ ਕੌਰ, ਮਾਰਕੀਟ ਕਮੇਟੀ ਚਨਾਰਥਲ ਦੇ ਚੇਅਰਮੈਨ ਰਸ਼ਪਿੰਦਰ ਸਿੰਘ ਰਾਜਾ ਤੋਂ ਇਲਾਵਾ ਵੱਡੀ ਗਿਣਤੀ 'ਚ ਆਪ ਦੇ ਆਗੂ, ਵਰਕਰ ਤੇ ਅਧਿਕਾਰੀ ਹਾਜ਼ਰ ਸਨ।

ਪੀ ਐੱਮ ਵਿਸ਼ਵਕਰਮਾ ਸਕੀਮ ਤਹਿਤ ਮੀਟਿੰਗ

ਸੰਗਤ ਮੰਡੀ (ਰਾਜਦੀਪ ਜੋਸ਼ੀ)

ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਦੀ ਪ੍ਰਧਾਨਗੀ ਹੇਠ ਪੀ. ਐੱਮ. ਵਿਸ਼ਵਕਰਮਾ ਸਕੀਮ ਸਬੰਧੀ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿਗ ਹਾਲ ਵਿਖੇ ਮੀਟਿੰਗ ਹੋਈ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਭਾਰਤ ਸਰਕਾਰ ਦੀ ਪੀ. ਐੱਮ. ਵਿਸ਼ਵਕਰਮਾ ਸਕੀਮ ਸਬੰਧੀ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਸਕੀਮ ਦਾ ਟੀਚਾ ਜੱਦੀ-ਪੁਸ਼ਤੀ ਹੱਥੀਂ ਕੰਮ ਕਰਨ ਵਾਲੇ ਕਾਰੀਗਰ ਤੇ ਸ਼ਿਲਪਕਾਰਾਂ ਦੀ ਕਾਰਜ-ਕੁਸ਼ਲਤਾ ਨੂੰ ਬੜਾਵਾ ਦੇਣ ਲਈ ਟ੍ਰੇਨਿੰਗ ਪ੍ਰਦਾਨ ਕਰਨਾ, ਸੰਦ ਉਪਲੱਬਧ ਕਰਵਾਉਣਾ ਤੇ ਘੱਟ ਵਿਆਜ 'ਤੇ ਕਰਜ਼ਾ ਦੇਣਾ ਹੈ। ਉਨ੍ਹਾਂ ਮੀਟਿੰਗ ਵਿੱਚ ਸ਼ਾਮਲ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਜਲਦ ਤੋਂ ਜਲਦ ਲਾਭਪਾਤਰੀਆਂ ਦਾ ਸਰਵੇ ਕਰਨ ਲਈ ਕਿਹਾ ਤਾਂ ਕਿ ਇਸ ਸਕੀਮ ਦਾ ਲਾਭ ਯੋਗ ਵਿਅਕਤੀਆਂ ਨੂੰ ਮਿਲ ਸਕੇ। ਡਿਪਟੀ ਕਮਿਸ਼ਨਰ ਨੇ ਪੀ. ਐੱਮ. ਵਿਸ਼ਵਕਰਮਾ ਸਕੀਮ ਬਾਰੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਕੀਮ ਅਧੀਨ ਲਾਭਪਾਤਰੀਆਂ ਦੇ ਸੇਵਾ ਕੇਂਦਰਾਂ ਰਾਹੀਂ ਵਿਸ਼ਵਕਰਮਾ ਕਾਰਡ ਬਣਾਏ ਜਾਣਗੇ। ਇਸ ਲਈ ਘੱਟੋ-ਘੱਟ ਉਮਰ 18 ਸਾਲ ਹੋਣੀ ਚਾਹੀਦੀ ਹੈ। ਕਾਰੀਗਰ ਇਹ ਕੰਮ ਜੱਦੀ ਪੁਸ਼ਤੀ ਕਰ ਰਿਹਾ ਹੋਵੇ। ਹਰ ਪਰਿਵਾਰ ਵਿੱਚ ਇੱਕ ਹੀ ਕਾਰਡ ਬਣ ਸਕਦਾ ਹੈ। ਸੰਦ ਖ਼ੀਦਣ ਲਈ 15000/- ਰੁਪਏ ਦੀ ਰਾਸ਼ੀ ਦਾ ਲਾਭ ਮਿਲੇਗਾ। ਇਸ ਸਕੀਮ ਅਧੀਨ ਆਪਣੇ ਕਿੱਤੇ ਨਾਲ ਜੁੜੀ ਢੱਕਵੀਂ ਟ੍ਰੇਨਿੰਗ ਪ੍ਰਾਪਤ ਕਰਨ ਤੋਂ ਬਾਅਦ ਪਹਿਲੀ ਸਟੇਜ 'ਤੇ 1,00,000/- ਰੁਪਏ ਦਾ ਕਰਜ਼ਾ 5 ਫੀਸਦੀ ਵਿਆਜ ਦੀ ਦਰ 'ਤੇ ਲਿਆ ਜਾ ਸਕਦਾ ਹੈ, ਜੋ ਕਿ 18 ਮਹੀਨੇ 'ਚ ਵਾਪਸ ਕਰਨਾ ਹੋਵੇਗਾ। ਦੂਸਰੀ ਸਟੇਜ 'ਤੇ 2,00,000/- ਰੁਪਏ ਦਾ ਕਰਜ਼ਾ, ਜਿਸ ਦੀ 30 ਮਹੀਨੇ ਵਿੱਚ ਵਾਪਸੀ ਕਰਨੀ ਹੋਵੇਗੀ, ਪ੍ਰਾਪਤ ਕੀਤਾ ਜਾ ਸਕਦਾ ਹੈ।

ਲਾਰਡ ਬੁੱਧਾ ਟਰੱਸਟ ਵੱਲੋਂ ਨਵੇਂ ਬਣੇ ਜੱਜ ਇੰਦਰਜੀਤ ਤੇਜੀ ਦਾ ਸਨਮਾਨ

ਫਰੀਦਕੋਟ (ਐਲਿਗਜੈਂਡਰ ਡਿਸੂਜਾ)

ਸਥਾਨਕ ਓਲਡ ਕੈਂਟ ਰੋਡ ਸਥਿਤ ਬਾਬਾ ਦੀਪ ਸਿੰਘ ਨਗਰ ਨਿਵਾਸੀ ਥਾਣਾ ਸਿੰਘ ਤੇ ਅਮਰਜੀਤ ਕੌਰ ਦੇ ਹੋਣਹਾਰ ਸਪੁੱਤਰ ਇੰਦਰਜੀਤ ਤੇਜੀ ਨੇ ਪੀ.ਸੀ.ਐੱਸ. (ਜੁਡੀਸ਼ੀਅਲ) ਦੀ ਇਸ ਸਾਲ ਦੀ ਪ੍ਰੀਖਿਆ ਪਾਸ ਕੀਤੀ ਹੈ। ਅਜਿਹਾ ਕਰਕੇ ਉਸ ਦੀ ਚੋਣ ਬਤੌਰ ਜੱਜ ਹੋ ਗਈ ਹੈ। ਪਰਵਾਰ ਵਿੱਚ ਖੁਸ਼ੀ ਦਾ ਮਾਹੌਲ ਹੈ। ਇਲਾਕੇ ਦੀ ਪ੍ਰਮੁੱਖ ਗੈਰ-ਸਰਕਾਰੀ ਸਮਾਜ ਸੇਵੀ ਸੰਸਥਾ ਐੱਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਦੇ ਉੱਚ ਪੱਧਰੀ ਵਫ਼ਦ ਨੇ ਨਵ-ਨਿਯੁਕਤ ਜੱਜ ਸ੍ਰ. ਤੇਜੀ ਦੇ ਗ੍ਰਹਿ ਵਿਖੇ ਜਾ ਕੇ ਮੁਲਾਕਾਤ ਕੀਤੀ। ਵਫ਼ਦ ਵਿੱਚ ਟਰੱਸਟ ਦੇ ਸੰਸਥਾਪਕ ਚੇਅਰਮੈਨ ਜਗਦੀਸ਼ ਰਾਏ ਢੋਸੀਵਾਲ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਵਫ਼ਦ ਵਿੱਚ ਜ਼ਿਲ੍ਹਾ ਪ੍ਰਧਾਨ ਜਗਦੀਸ਼ ਰਾਜ ਭਾਰਤੀ ਤੋਂ ਇਲਾਵਾ ਮੁੱਖ ਸਲਾਹਕਾਰ ਪ੍ਰਿੰ. ਕ੍ਰਿਸ਼ਨ ਲਾਲ, ਕ੍ਰਿਸ਼ਨ ਲਾਲ ਆਰ.ਏ., ਸੁਨੀਲ ਕੁਮਾਰ, ਇੰਜ. ਕੁਨਾਲ ਢੋਸੀਵਾਲ, ਜੀਤ ਸਿੰਘ ਸੰਧੂ, ਪਿਆਰਾ ਸਿੰਘ ਠਾਣੇਦਾਰ ਤੇ ਨਰਿੰਦਰ ਕਾਕਾ ਆਦਿ ਸ਼ਾਮਲ ਸਨ। ਮੁਲਾਕਾਤ ਦੌਰਾਨ ਸ੍ਰ. ਤੇਜੀ ਦੇ ਮਾਤਾ-ਪਿਤਾ ਤੋਂ ਇਲਾਵਾ ਨਾਨੀ ਬਸੰਤ ਕੌਰ, ਸਤਵੀਰ ਸਿੰਘ, ਬਿੱਕਰ ਸਿੰਘ, ਕਾਲਾ ਸਿੰਘ, ਸ਼ੇਰ ਸਿੰਘ, ਸ਼ਬਦਪ੍ਰੀਤ ਸਿੰਘ, ਬਲਦੇਵ ਸਿੰਘ ਇੰਸਪੈਕਟਰ ਤੇ ਚੇਤ ਸਿੰਘ ਆਦਿ ਪਰਿਵਾਰਕ ਮੈਂਬਰ ਤੇ ਰਿਸ਼ਤੇਦਾਰ ਮੌਜੂਦ ਸਨ। ਚੇਅਰਮੈਨ ਢੋਸੀਵਾਲ ਸਮੇਤ ਸਮੂਹ ਆਗੂਆਂ ਨੇ ਇੰਦਰਜੀਤ ਤੇਜੀ ਦੀ ਇਸ ਮਾਣਮੱਤੀ ਪ੍ਰਾਪਤੀ 'ਤੇ ਉਨ੍ਹਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉਜਲੇ ਭਵਿੱਖ ਦੀ ਕਾਮਨਾ ਕੀਤੀ। ਟਰੱਸਟ ਦੀ ਚੀਫ਼ ਪੈਟਰਨ ਸੇਵਾ ਮੁਕਤ ਨਾਇਬ ਤਹਿਸੀਲਦਾਰ ਹੀਰਾਵਤੀ ਤੇ ਪੰਜਾਬ ਵਿੱਤ ਵਿਭਾਗ ਵਿੱਚੋਂ ਸੇਵਾ ਮੁਕਤ ਜੁਆਇੰਟ ਕੰਟਰੋਲਰ ਓ. ਪੀ. ਚੌਧਰੀ ਨੇ ਟੈਲੀਫੋਨ ਰਾਹੀਂ ਸ੍ਰ. ਤੇਜੀ ਨੂੰ ਵਧਾਈ ਦਿੱਤੀ। ਟਰੱਸਟ ਵੱਲੋਂ ਨਵੇਂ ਬਣੇ ਜੱਜ ਸ੍ਰ. ਤੇਜੀ ਨੂੰ ਹਾਰ ਪਾ ਕੇ ਵਧਾਈ ਦਿੱਤੀ ਤੇ ਯਾਦਗਾਰੀ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ। ਜ਼ਿਕਰਯੋਗ ਹੈ ਕਿ ਤੇਜੀ ਪਰਿਵਾਰ ਵਿੱਚ ਪਹਿਲਾਂ ਵੀ ਅੱਧੀ ਦਰਜਨ ਦੇ ਕਰੀਬ ਮੈਂਬਰ ਹਾਈ ਕੋਰਟ ਤੇ ਸੈਸ਼ਨ ਕੋਰਟ ਦੇ ਜੱਜ ਰਹਿ ਚੁੱਕੇ ਹਨ। ਇੰਦਰਜੀਤ ਤੇਜੀ ਨੇ ਇਸੇ ਪਿਰਤ ਨੂੰ ਅੱਗੇ ਤੋਰਦੇ ਹੋਏ ਮਾਂ-ਬਾਪ ਦਾ ਨਾਂਅ ਰੋਸ਼ਨ ਕੀਤਾ ਹੈ।

ਜੁਡੀਸ਼ਰੀ ਵਿੱਚ ਬਤੌਰ ਵਰੰਟ ਅਫਸਰ/ਬੈਲਿਫ ਸੇਵਾ ਮੁਕਤ ਹੋਏ ਇੰਦਰਜੀਤ ਤੇਜੀ ਦੇ ਪਿਤਾ ਥਾਣਾ ਸਿੰਘ ਨੇ ਟਰੱਸਟ ਆਗੂਆਂ ਦਾ ਧੰਨਵਾਦ ਕੀਤਾ।

ਕਾਤਰਾਂ

ਨਹਿਰੀ ਪਾਣੀ ਦੀ ਸਪਲਾਈ 15 ਦਸਬੰਰ ਤੋਂ 31 ਜਨਵਰੀ ਤੱਕ ਹੋਵੇਗੀ ਬੰਦ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਕਾਰਜਕਾਰੀ ਇੰਜੀਨੀਅਰ ਫਾਜ਼ਿਲਕਾ ਨਹਿਰ ਤੇ ਗਰਾਊਂਡ ਵਾਟਰ ਜਲ ਸਰੋਤ ਵਿਭਾਗ ਫਿਰੋਜ਼ਪੁਰ ਸ੍ਰੀ ਵਿਨੋਦ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਫਿਰੋਜ਼ਪੁਰ ਅਧੀਨ ਆਉਂਦੀਆਂ ਨਹਿਰਾਂ ਜਲਾਲਾਬਾਦ ਬਰਾਂਚ, ਸੋਢੀਵਾਲਾ ਡਿਸਟ੍ਰੀ, ਬਹਾਦਰ ਕੇ ਡਿਸਟ੍ਰੀ, ਮਹਿਮਾ ਮਾਈਨਰ, ਪਿੰਡ ਮਾਈਨਰ, ਮਾਛੀਵਾੜਾ ਮਾਈਨਰ, ਖੁੰਦਰ ਮਾਈਨਰ, ਵਾਦੀਕੋ ਮਾਈਨਰ ਦੀ ਕੰਕਰੀਟ ਲਾਈਨਿੰਗ ਦਾ ਕੰਮ ਨਵੰਬਰ-ਦਸੰਬਰ 2023 ਦੀ ਬੰਦੀ ਦੌਰਾਨ ਕਰਵਾਇਆ ਜਾਣਾ ਹੈ।ਉਨ੍ਹਾਂ ਦੱਸਿਆ ਕਿ ਉਕਤ ਸਬੰਧੀ ਰਾਜਬਾਹਿਆ/ਮਾਈਨਰ ਵਿੱਚ ਨਹਿਰੀ ਪਾਣੀ ਦੀ ਸਪਲਾਈ ਨੂੰ 15 ਦਸਬੰਰ 2023 ਤੋਂ 31 ਜਨਵਰੀ 2024 ਤੱਕ ਬੰਦ ਰੱਖਣ ਦਾ ਫੈਸਲਾ ਕੀਤਾ ਗਿਆ ਹੈ।

ਮੁੱਖ ਮੰਤਰੀ ਦੇ ਵਿਧਾਨ ਸਭਾ ਹਲਕੇ ਦੇ 10 ਬਲਾਕ ਪ੍ਰਧਾਨ ਨਿਯੁਕਤ

ਧੂਰੀ (ਸੁਖਦੇਵ ਧੂਰੀ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਵਿਧਾਨ ਸਭਾ ਹਲਕੇ ਦੇ ਆਮ ਆਦਮੀ ਪਾਰਟੀ ਵੱਲੋਂ 10 ਆਗੂਆਂ ਨੂੰ ਹਲਕੇ ਦੇ ਬਲਾਕ ਪ੍ਰਧਾਨ ਨਿਯੁਕਤ ਕੀਤਾ ਗਿਆ। ਧੂਰੀ ਹਲਕੇ ਦੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਗੁਰਤੇਜ ਸਿੰਘ ਤੇਜੀ ਕੱਕੜਵਾਲ, ਗੁਰਜੀਤ ਸਿੰਘ ਕਾਂਝਲਾ, ਤੀਰਥ ਸਿੰਘ ਭੱਦਲਵੜ੍ਹ, ਗਗਨਦੀਪ ਸਿੰਘ ਜਵੰਦਾ ਭਸੌੜ, ਗੁਰਚਰਨ ਸਿੰਘ ਕਾਲਾ ਬੇਨੜਾ, ਜਸਵਿੰਦਰ ਸਿੰਘ ਘਨੌਰੀ, ਸੁਰਜੀਤ ਸਿੰਘ ਰਾਜੋਮਾਜਰਾ ਆਦਿ ਨੂੰ ਧੂਰੀ ਹਲਕੇ ਦੇ ਦਿਹਾਤੀ ਏਰੀਏ ਪ੍ਰਧਾਨ ਤੇ ਜਸਪਾਲ ਸਿੰਘ ਪਾਲਾ, ਮਿਲਖ ਰਾਜ ਤੇ ਰਛਪਾਲ ਸਿੰਘ ਭੁੱਲਰ ਨੂੰ ਧੂਰੀ ਸ਼ਹਿਰ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਨ੍ਹਾਂ ਨਿਯੁਕਤੀਆਂ 'ਤੇ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨਾਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਆਮ ਆਦਮੀ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਬੁੱਧਰਾਮ, ਪ੍ਰੋ. ਓਂਕਾਰ ਸਿੰਘ ਸਿੱਧੂ ਓ ਐੱਸ ਡੀ ਮੁੱਖ ਮੰਤਰੀ ਪੰਜਾਬ ਤੇ ਅਮ੍ਰਿਤ ਬਰਾੜ ਇੰਚਾਰਜ ਮੁੱਖ ਮੰਤਰੀ ਕੈਂਪਸ ਧੂਰੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਂਦੇ ਹੋਏ ਧੂਰੀ ਹਲਕੇ 'ਚ ਪਾਰਟੀ ਦੀ ਮਜ਼ਬੂਤੀ ਲਈ ਹਮੇਸ਼ਾ ਯਤਨਸ਼ੀਲ ਰਹਿਣਗੇ।

ਪੀ ਐੱਨ ਡੀ ਟੀ ਸੈੱਲ ਨੇ ਦਬੋਚੇ ਭਰੂਣ ਲਿੰਗ ਨਿਰਧਾਰਨ ਦੇ ਮੁਜਰਮ

ਸਿਰਸਾ (ਸੁਰਿੰਦਰ ਪਾਲ ਸਿੰਘ)-ਸਿਰਸਾ ਤੇ ਹਿਸਾਰ ਪੀਐੱਨਡੀਟੀ ਸੈੱਲ ਦੀ ਸਾਂਝੀ ਟੀਮ ਨੇ ਹਿਸਾਰ ਦੇ ਬਰਵਾਲਾ ਵਿੱਚ ਛਾਪਾ ਮਾਰ ਕੇ ਭਰੂਣ ਲਿੰਗ ਨਿਰਧਾਰਨ ਗਰੋਹ ਦੀ ਦਲਾਲ ਤਾਰਾਨਗਰ ਕਲੋਨੀ ਦੀ ਰਹਿਣ ਵਾਲੀ ਸੁਨੀਤਾ, ਪਿੰਡ ਰਾਜਲੀ ਦੇ ਕ੍ਰਿਸ਼ਨ ਤੇ ਜ਼ਿਲ੍ਹਾ ਹਿਸਾਰ ਦੇ ਪਿੰਡ ਸੁਲੱਖਣੀ ਦੇ ਅਲੀ ਖਾਨ ਸਮੇਤ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ।ਮੁੱਖ ਮੁਲਜ਼ਮ ਐੱਮ ਬੀ ਬੀ ਐੱਸ ਡਾਕਟਰ ਅਨੰਤ ਰਾਮ ਮੌਕੇ ਤੋਂ ਫਰਾਰ ਹੋ ਗਿਆ, ਜੋ ਕਿ ਘਰ ਦੇ ਅੰਦਰ ਪੋਰਟੇਬਲ ਅਲਟਰਾਸਾਊਂਡ ਮਸ਼ੀਨ ਨਾਲ ਜਾਂਚ ਕਰਕੇ ਭਰੂਣ ਵਿੱਚ ਲਿੰਗ ਅੰਤਰ ਦੱਸਦਾ ਸੀ।ਸਬੰਧਤ ਥਾਣੇ ਦੀ ਪੁਲਸ ਨੇ ਚਾਰਾਂ ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।ਸਿਰਸਾ ਦੇ ਪੀ.ਐੱਨ.ਡੀ.ਟੀ. ਸੈੱਲ ਦੇ ਨੋਡਲ ਅਫ਼ਸਰ ਡਾ: ਭਾਰਤ ਭੂਸ਼ਣ ਸ਼ਰਮਾ ਨੇ ਦੱਸਿਆ ਕਿ ਸੀ.ਐੱਮ.ਓ. ਦੀ ਤਰਫ਼ੋਂ ਡਾ: ਹਰਸਿਮਰਨ ਸਿੰਘ ਦੀ ਅਗਵਾਈ ਹੇਠ ਅਤੇ ਹਿਸਾਰ ਤੋਂ ਡਾ: ਪ੍ਰਭੂਦਿਆਲ ਤੇ ਡਾ: ਕਾਮੀਦ ਮੋਂਗਾ 'ਤੇ ਆਧਾਰਤ ਹਿਸਾਰ-ਸਿਰਸਾ ਦੀ ਸਾਂਝੀ ਟੀਮ ਨੇ ਗਰਭਵਤੀ ਔਰਤ ਦਾ ਦਲਾਲ ਸੁਨੀਤਾ ਨਾਲ 50 ਹਜ਼ਾਰ ਰੁਪਏ ਵਿੱਚ ਸੌਦਾ ਤੈਅ ਕੀਤਾ ਗਿਆ ਸੀ।

ਸੁਖਵਿੰਦਰ ਸਿੰਘ ਸੌਕੀ ਨਾਲ ਕੀਤਾ ਦੁੱਖ ਸਾਂਝਾ

ਕੋਟ ਈਸੇ ਖਾਂ (ਅਰੋੜਾ)-ਇੱਥੋਂ ਦੇ ਵਸਨੀਕ ਸੁਖਵਿੰਦਰ ਸਿੰਘ ਸੌਕੀ, ਜਿਨ੍ਹਾਂ ਦੇ ਪਿਤਾ ਜੀਤ ਸਿੰਘ ਰਾਜਪੂਤ, ਜੋ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਨ, ਨਾਲ ਵਿਜੇ ਕੁਮਾਰ ਧੀਰ ਸਾਬਕਾ ਚੇਅਰਮੈਨ, ਸੋਹਣ ਸਿ

18--Otc-PAGE- 11 qxd.qxd 10/17/2023 10:46 PM Page 1

ਨਵੀਂ ਬਣੀ ਜੱਜ ਦਿਵਿਆਨੀ ਲੂਥਰਾ ਨੂੰ ਵਧਾਈ ਦੇਣ ਪਹੁੰਚੇ 'ਆਪ' ਦੇ ਸ਼ਮਸ਼ੇਰ ਸਿੰਘ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਹਲਕਾ ਦੀਨਾਨਗਰ ਦੇ ਪਿੰਡ ਝੰਗੀ ਸਰੂਪ ਦਾਸ ਤੋਂ ਸਾਬਕਾ ਸਰਪੰਚ ਰਘੁਬੀਰ ਸਿੰਘ ਮਾਣੀ ਦੀ ਨੂੰਹ ਦਿਵਿਆਨੀ ਲੂਥਰਾ ਨੂੰ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਸ਼ਮਸ਼ੇਰ ਸਿੰਘ ਵਧਾਈ ਦੇਣ ਉਨ੍ਹਾਂ ਦੇ ਗ੍ਰਹਿ ਵਿਖੇ ਪਹੁੰਚੇ ਜਿੱਥੇ ਉਨ੍ਹਾਂ ਨਵ-ਨਿਯੁਕਤ ਜੱਜ ਦਿਵਿਆਨੀ ਲੂਥਰਾ ਨੂੰ ਵਧਾਈ ਦਿੱਤੀ ਅਤੇ ਸਨਮਾਨਿਤ ਕੀਤਾ। ਇਸ ਮੌਕੇ ਦਿਵਿਆਨੀ ਲੂਥਰਾ ਨੇ ਦੱਸਿਆ ਕਿ ਉਹ ਆਪਣੇ ਪਤੀ ਅਤੇ ਸਹੁਰੇ ਪਰਿਵਾਰ ਦੀ ਪੂਰੀ ਸਪੋਰਟ ਨਾਲ 18 ਘੰਟੇ ਪੜ੍ਹਾਈ ਕਰਨ ਤੋਂ ਬਾਅਦ ਅੱਜ ਇਸ ਮੁਕਾਮ 'ਤੇ ਪਹੁੰਚੀ ਹੈ ਜਿਸ ਦਾ ਸਾਰਾ ਕ੍ਰੈਡਿਟ ਉਹ ਆਪਣੇ ਸਹੁਰੇ ਪਰਿਵਾਰ ਨੂੰ ਦਿੰਦੇ ਹਨ। ਦਿਵਿਆਨੀ ਪੇਕੇ ਪਰਿਵਾਰ ਤੋਂ ਜਲੰਧਰ ਸ਼ਹਿਰ ਦੇ ਰਾਜਾ ਗਾਰਡਨ ਕਾਲੋਨੀ ਦੇ ਰਹਿਣ ਵਾਲੇ ਹਨ ਅਤੇ ਉਨ੍ਹਾਂ ਨੇ ਆਪਣੀ ਬਚਪਨ ਦੀ ਪੜ੍ਹਾਈ ਐੱਮਜੀਐੱਨ ਪਬਲਿਕ ਸਕੂਲ ਜਲੰਧਰ ਤੋਂ ਕਰਕੇ ਲਾਇਲਪੁਰ ਖਾਲਸਾ ਕਾਲਜ ਤੋਂ ਲਾਅ ਦੀ ਡਿਗਰੀ ਹਾਸਲ ਕੀਤੀ। 2 ਸਾਲ ਦਾ ਬੇਟਾ ਹੋਣ ਦੇ ਬਾਵਜੂਦ ਪਰਿਵਾਰ ਅਤੇ ਪਤੀ ਦੀ ਪੂਰੀ ਸਪੋਰਟ ਕਰਨ ਤੋਂ ਬਾਅਦ ਇਹ ਮੁਕਾਮ ਹਾਸਿਲ ਕੀਤਾ।

ਇਸ ਮੌਕੇ ਪ੍ਰਧਾਨ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਅੱਜ ਸਾਨੂੰ ਬਹੁਤ ਮਾਣ ਮਹਿਸੂਸ ਹੋਇਆ ਹੈ ਕਿ ਸਾਡੇ ਹਲਕੇ ਦੀ ਬੇਟੀ (ਨੂੰਹ) ਨੇ ਆਮ ਘਰ ਵਿੱਚੋਂ ਜੱਜ ਬਣ ਕੇ ਦੀਨਾਨਗਰ ਸ਼ਹਿਰ ਦਾ ਨਾਮ ਰੌਸ਼ਨ ਕੀਤਾ ਹੈ ਅਤੇ ਅਸੀਂ ਆਪਣੀ ਸਰਕਾਰ ਵੱਲੋਂ ਇਨ੍ਹਾਂ ਨੂੰ ਵਧਾਈ ਦੇਣ ਪਹੁੰਚੇ ਹਾਂ।

ਪੰਜਾਬ ਇਸਤਰੀ ਸਭਾ ਵਲੋਂ ਲਖਬੀਰ ਕੌਰ ਫਿਰੋਜ਼ਪੁਰ ਦੇ ਵਿਛੋੜੇ 'ਤੇ ਦੁੱਖ ਦਾ ਪ੍ਰਗਟਾਵਾ

ਚੰਡੀਗੜ੍ਹ (ਨਵਾਂ ਜਮਾਨਾ ਸਰਵਿਸ) ਪੰਜਾਬ ਇਸਤਰੀ ਸਭਾ ਦੇ ਜਨਰਲ ਸਕੱਤਰ ਨਰਿੰਦਰ ਸੋਹਲ, ਪ੍ਰਧਾਨ ਰਜਿੰਦਰਪਾਲ ਕੌਰ, ਪੈਟਰਨ ਨਰਿੰਦਰ ਪਾਲ, ਚੇਅਰਪਰਸਨ ਕੁਸ਼ਲ ਭੌਰਾ ਨੇ ਲਖਬੀਰ ਕੌਰ ਫਿਰੋਜ਼ਪੁਰ ਦੇ ਵਿਛੋੜੇ 'ਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਭੈਣ ਜੀ ਲਖਬੀਰ ਪੰਜਾਬ ਰੋਡਵੇਜ਼ ਯੂਨੀਅਨ ਦੇ ਮਹਾਨ ਆਗੂ ਕਾਮਰੇਡ ਜਰਨੈਲ ਸਿੰਘ ਦੀ ਜੀਵਨ ਸਾਥਣ ਸਨ। ਉਹ ਆਪ ਵੀ ਇਸ ਯੂਨੀਅਨ ਦੇ ਸਰਗਰਮ ਕਾਰਕੁਨ ਰਹੇ ਅਤੇ ਯੂਨੀਅਨ ਵੱਲੋਂ ਲੜੀ ਜਾਂਦੀ ਹਰ ਲੜਾਈ ਦਾ ਹਿੱਸਾ ਬਣਦੇ ਸਨ। ਯੂਨੀਅਨ ਅਤੇ ਕਈ ਹੋਰ ਸਾਥੀਆਂ ਦੀ ਵੀ ਆਰਥਿਕ ਮਦਦ ਕਰਦੇ ਰਹਿੰਦੇ ਸਨ।

ਭੈਣ ਜੀ ਲਖਬੀਰ ਕੌਰ ਪੰਜਾਬ ਇਸਤਰੀ ਸਭਾ ਦੇ ਲੰਮਾ ਸਮਾਂ ਸਰਗਰਮ ਕਾਰਕੁਨ ਰਹੇ ਹਨ। ਰਿਟਾਇਰ ਹੋਣ ਤੋਂ ਬਾਅਦ ਮਹਿੰਦਰ ਸਾਂਭਰ ਦੇ ਉਤਸ਼ਾਹ ਦੇਣ ਤੇ ਪੰਜਾਬ ਇਸਤਰੀ ਸਭਾ 'ਚ ਸ਼ਾਮਲ ਹੋਏ ਅਤੇ ਪੂਰੀ ਤਨਦੇਹੀ ਨਾਲ ਕੰਮ ਕਰਦੇ ਰਹੇ। ਕਈ ਸਾਂਭਰ ਉਹਨਾਂ ਨੂੰ ਔਖੇ ਮਿਸ਼ਨ 'ਤੇ ਵੀ ਭੇਜ ਦਿੰਦੇ ਸਨ ਤਾਂ ਲਖਬੀਰ ਕੌਰ ਔਖਾ ਕੰਮ ਵੀ ਖਿੜੇ ਮੱਥੇ ਪੂਰਾ ਕਰਦੇ ਸਨ। ਸੂਬਾ ਪੰਜਾਬ ਇਸਤਰੀ ਸਭਾ ਉਹਨਾਂ ਦੀ ਘਾਲਣਾ ਨੂੰ ਸਲਾਮ ਕਰਦੀ ਹੋਈ ਉਹਨਾਂ ਦੇ ਵਿਛੋੜੇ 'ਤੇ ਦੁੱਖ ਪ੍ਰਗਟ ਕਰਦੀ ਹੈ। ਇਸ ਮੌਕੇ ਪੰਜਾਬ ਇਸਤਰੀ ਸਭਾ ਦੇ ਸੀਨਅਰ ਮੀਤ ਪ੍ਰਧਾਨ ਰੂਪਿੰਦਰ ਮਾੜੀ ਮੇਘਾ, ਫਿਰੋਜ਼ਪੁਰ ਤੋਂ ਪ੍ਰਧਾਨ ਤ੍ਰਿਪਤ ਕਾਲੀਆ, ਜਨਰਲ ਸਕੱਤਰ ਨਸੀਬ ਕੌਰ, ਫਾਜ਼ਲਿਕਾ ਦੇ ਪ੍ਰਧਾਨ, ਜਨਰਲ ਸਕੱਤਰ ਸੁਮਿੱਤਰਾ, ਜੋਗਿੰਦਰ ਕੌਰ, ਫਰੀਦਕੋਟ ਦੇ ਜਨਰਲ ਸਕੱਤਰ ਸ਼ਸ਼ੀ ਸ਼ਰਮਾ, ਤਰਨ ਤਾਰਨ ਦੇ ਪ੍ਰਧਾਨ ਸੀਮਾ ਸੋਹਲ ਨੇ ਵੀ ਸੋਕ ਸੰਦੇਸ਼ ਭੇਜੇ।

ਖਾਲਸਾ ਕਾਲਜ ਆਫ ਨਰਸਿੰਗ ਨੇ ਮਾਨਸਿਕ ਸਿਹਤ ਦਿਵਸ ਮਨਾਇਆ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਖ਼ਾਲਸਾ ਕਾਲਜ ਆਫ਼ ਨਰਸਿੰਗ ਵੱਲੋਂ 'ਮਾਨਸਿਕ ਸਿਹਤ ਹਰੇਕ ਮਨੁੱਖ ਦਾ ਬੁਨਿਆਦੀ ਹੱਕ ਹੈ' ਵਿਸ਼ੇ 'ਤੇ ਮਾਨਸਿਕ ਸਿਹਤ ਦਿਵਸ ਦੇ ਸਬੰਧ 'ਚ ਜਾਗਰੂਕਤਾ ਦਿਵਸ ਮਨਾਇਆ ਗਿਆ। ਕਾਲਜ ਪ੍ਰਿੰ. ਡਾ. ਅਮਨਪ੍ਰੀਤ ਕੌਰ ਦੀ ਅਗਵਾਈ ਹੇਠ ਇਸ ਪ੍ਰੋਗਰਾਮ ਮੌਕੇ ਐੱਸਐੱਮਓ ਡਾ. ਐੱਚ. ਐੱਸ. ਵਾਲੀਆ, ਐੱਮ. ਓ. ਡਾ. ਜਸਪਾਲ ਕੌਰ ਅਤੇ ਅਰਬਨ ਸੀ. ਐੱਸ. ਸੀ. ਨਰੈਣਗੜ੍ਹ ਦੇ ਸਮੂਹ ਸਟਾਫ਼ ਨੇ ਸ਼ਿਰਕਤ ਕੀਤੀ। ਇਸ ਮੌਕੇ ਪ੍ਰਿੰ: ਡਾ. ਅਮਨਪ੍ਰੀਤ ਕੌਰ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਮਾਨਸਿਕ ਸਿਹਤ ਹਰੇਕ ਮਨੁੱਖ ਦਾ ਬੁਨਿਆਦੀ ਹੱਕ ਹੈ ਅਤੇ ਲੋਕਾਂ 'ਚ ਮਾਨਸਿਕ ਸਿਹਤ ਦੀ ਜਾਗਰੂਕਤਾ ਲਈ ਹਰ ਸਾਲ ਮਾਨਸਿਕ ਸਿਹਤ ਦਿਵਸ ਮਨਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਪ੍ਰੋਫੈਸਰ ਡਾ. ਮੋਨਿਕਾ ਡੋਗਰਾ, ਅਸਿਸਟੈਂਟ ਪ੍ਰੋਫੈਸਰ ਨੀਰਜ ਗਿੱਲ, ਅਲੀਨਾ ਕੁਮਾਰੀ, ਜਾਗ੍ਰਿਤੀ ਮਹਾਜਨ ਅਤੇ ਕੰਵਲਜੀਤ ਕੌਰ ਸਮੇਤ ਹੋਰ ਸਟਾਫ਼ ਨੇ ਵੀ ਵਿਸ਼ਵ ਮਾਨਸਿਕ ਸਿਹਤ ਦਿਵਸ ਮੌਕੇ ਆਪਣਾ ਯੋਗਦਾਨ ਪਾਇਆ। ਉਨ੍ਹਾਂ ਕਿਹਾ ਕਿ ਡਾ. ਐੱਚ. ਐੱਸ. ਵਾਲੀਆ ਨੇ ਮਾਨਸਿਕ ਸਿਹਤ ਸਬੰਧੀ ਆਪਣੇ ਵਿਚਾਰ ਵੀ ਸਾਂਝੇ ਕੀਤੇ। ਇਸ ਮੌਕੇ ਕਾਲਜ ਵਿਦਿਆਰਥੀਆਂ ਵੱਲੋਂ ਨੁੱਕੜ ਨਾਟਕ ਅਤੇ ਪੋਸਟਰ ਪ੍ਰਦਰਸ਼ਨੀ ਵੀ ਲਗਾਈ ਗਈ ਅਤੇ ਇਸ ਤੋਂ ਇਲਾਵਾ ਉਨ੍ਹਾਂ ਨੇ ਮਿਲ ਕੇ ਨਰੈਣਗੜ੍ਹ 'ਚ ਮਾਨਸਿਕ ਸਿਹਤ ਦੀ ਜਾਗਰੂਕਤਾ ਸਬੰਧੀ ਰੈਲੀ ਵੀ ਕੱਢੀ, ਜੋ ਕਿ ਮਾਨਸਿਕ ਸਿਹਤ ਦੀ ਜਾਗਰੂਕਤਾ ਲਈ ਸਾਰਥਕ ਸਿੱਧ ਹੋਇਆ ਅਤੇ ਇਸ ਬਾਰੇ ਲੋਕਾਂ ਨੇ ਵਿਸਥਾਰਪੂਰਵਕ ਜਾਣਕਾਰੀ ਹਾਸਲ ਕੀਤੀ।

ਹਰਜੀਤ ਸੰਧੂ ਨੇ ਗਵਰਨਰ ਪੰਜਾਬ ਕੋਲ ਲੋਕ ਮਸਲੇ ਉਠਾਏ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਬੀਤੇ ਦਿਨੀਂ ਪੰਜਾਬ ਦੇ ਗਵਰਨਰ ਬਨਵਾਰੀ ਲਾਲ ਪੁਰੋਹਿਤ ਵੱਲੋਂ ਜ਼ਿਲਾ ਤਰਨ ਤਾਰਨ ਦੇ ਸਰਹੱਦੀ ਇਲਾਕੇ ਖੇਮਕਰਨ ਦਾ ਦੌਰਾ ਕੀਤਾ ਗਿਆ। ਇਸ ਮੌਕੇ ਭਾਜਪਾ ਦੇ ਜ਼ਿਲਾ ਪ੍ਰਧਾਨ ਹਰਜੀਤ ਸਿੰਘ ਸੰਧੂ ਵੱਲੋਂ ਸਾਥੀ ਆਗੂਆਂ ਸਮੇਤ ਉਨ੍ਹਾਂ ਨੂੰ ਮਿਲ ਕੇ ਸਰਹੱਦੀ ਲੋਕਾਂ ਨੂੰ ਆ ਰਹੀਆਂ ਮੁਸ਼ਕਲਾਂ ਤੋਂ ਜਾਣੂ ਕਰਵਾਇਆ। ਇਸ ਮੌਕੇ ਭਾਜਪਾ ਆਗੂਆਂ ਨੇ ਪੰਜਾਬ ਵਿੱਚ ਵੱਧ ਰਹੇ ਨਸ਼ੇ ਅਤੇ ਲੁਟਾਂ-ਖੋਹਾਂ ਬਾਰੇ ਵੀ ਕੋਈ ਯੋਜਨਾ ਬਣਾ ਕੇ ਕੇਂਦਰ ਦੀ ਮਦਦ ਨਾਲ਼ ਸਖ਼ਤ ਐਕਸ਼ਨ ਲੈਣ ਦੀ ਮੰਗ ਕੀਤੀ। ਮਾਨਯੋਗ ਗਵਰਨਰ ਪੰਜਾਬ ਨੇ ਵਿਸ਼ਵਾਸ ਦਵਾਇਆ ਕਿ ਜਲਦ ਹੀ ਸੂਬਾ ਅਤੇ ਸੈਂਟਰ ਸਰਕਾਰ ਨੂੰ ਇਹ ਮੰਗਾਂ ਭੇਜ ਕੇ ਪੂਰੀਆਂ ਕਰਵਾਈਆਂ ਜਾਣਗੀਆਂ। ਇਸ ਮੌਕੇ ਜ਼ਿਲਾ ਪ੍ਰਧਾਨ ਹਰਜੀਤ ਸਿੰਘ ਸੰਧੂ ਨਾਲ਼ ਅਨੂਪ ਸਿੰਘ ਭੁੱਲਰ ਪ੍ਰਦੇਸ ਕਾਰਜਕਾਰਨੀ ਮੈਂਬਰ, ਰਣਜੀਤ ਸਿੰਘ ਸਾਬਕਾ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ, ਸਾਹਿਬ ਸਿੰਘ ਸਰਪੰਚ ਮਹਿੰਦੀਪੁਰ ਆਦਿ ਵੀ ਮੌਜੂਦ ਸਨ।

ਪਾਵਰਕਾਮ ਦਫਤਰ ਮੂਹਰੇ ਧਰਨਾ ਲਗਾਤਾਰ ਜਾਰੀ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਪਾਵਰਕਾਮ ਅਧਿਕਾਰੀਆਂ ਨੇ 14 ਅਕਤੂਬਰ ਨੂੰ ਅਚਨਚੇਤ ਚੈਕਿੰਗ ਦੌਰਾਨ ਇੱਕ ਹੀ ਪਰਿਵਾਰ ਦੇ 3 ਮੀਟਰ ਉਤਾਰ ਕੇ ਕਬਜ਼ੇ ਵਿੱਚ ਲਏ ਜਿਸ ਦਾ ਕਾਰਨ ਮੀਟਰਾਂ ਨਾਲ ਛੇੜਛਾੜ ਦੱਸਦਿਆਂ ਕਰਮਚਾਰੀਆਂ ਨੇ ਸਮਾਰਟ ਮੀਟਰ ਲਗਾ ਦਿੱਤੇ ਜਿਸ ਦਾ ਵਿਰੋਧ ਕਰਦਿਆਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਪੱਟੀ ਜ਼ੋਨ ਪ੍ਰਧਾਨ ਗੁਰਭੇਜ ਸਿੰਘ ਧਾਰੀਵਾਲ ਦੀ ਅਗਵਾਈ ਵਿੱਚ ਧਰਨਾ ਆਰੰਭ ਕਰ ਦਿੱਤਾ ਜੋ ਅੱਜ ਤੀਸਰੇ ਦਿਨ ਵੀ ਜਾਰੀ ਸੀ। ਮਾਮਲੇ ਸਬੰਧੀ ਗੱਲਬਾਤ ਰੱਖਦਿਆਂ ਬੁਲਾਰਿਆਂ ਚਾਨਣ ਸਿੰਘ ਬੰਗਲਾ ਰਾਏ, ਤਰਸੇਮ ਸਿੰਘ ਧਾਰੀਵਾਲ, ਬਾਜ ਸਿੰਘ ਤੁੰਗ, ਬਾਬਾ ਬਲਵਿੰਦਰ ਸਿੰਘ, ਸਤਨਾਮ ਸਿੰਘ ਹਰੀਕੇ, ਸਵਰਨ ਸਿੰਘ ਖਹਿਰਾ ਅਤੇ ਪੀੜ੍ਹਤ ਪਵਨ ਕੁਮਾਰ ਨੇ ਉੱਪ ਮੰਡਲ ਅਫਸਰ ਦੀ ਇਸ ਛਾਪੇਮਾਰੀ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਿਆ। ਇਸ ਮੌਕੇ ਜ਼ਿਲ੍ਹਾ ਆਗੂ ਹਰਜਿੰਦਰ ਸਿੰਘ ਸ਼ਕਰੀ, ਹਰਿੰਦਰ ਸਿੰਘ ਆਸਲ, ਗੁਰਜੰਟ ਸਿੰਘ ਭੱਗੂਪੁਰ, ਰੂਪ ਸਿੰਘ ਸੈਦੋਂ, ਹਰਜਿੰਦਰ ਸਿੰਘ ਪੱਟੀ, ਨਿਸ਼ਾਨ ਸਿੰਘ ਪੱਟੀ, ਨਿਸ਼ਾਨ ਸਿੰਘ ਪੱਟੀ, ਜਰਨੈਲ ਸਿੰਘ , ਕੁਲਵਿੰਦਰ ਸਿੰਘ ਭੱਗੂਪੁਰ, ਸੁਖਵੰਤ ਸਿੰਘ, ਜੁਗਿੰਦਰ ਸਿੰਘ ਖਜਾਨ ਸਿੰਘ, ਸਤਨਾਮ ਸਿੰਘ, ਗੁਰਮੀਤ ਸਿੰਘ, ਸੁਖਵਿੰਦਰ ਸਿੰਘ ਬੂਹ, ਕਿਰਪਾਲ ਸਿੰਘ ਬੁਰਜ, ਧਰਮ ਸਿੰਘ, ਪ੍ਰਮਿੰਦਰ ਸਿੰਘ, ਜਗਜੀਤ ਸਿੰਘ, ਸਰਬਜੀਤ ਸਿੰਘ ਆਦਿ ਆਗੂ ਹਾਜ਼ਰ ਸਨ।

ਲੋਕ ਸੇਵਾ ਦਲ ਵੱਲੋਂ ਲੋੜਵੰਦ ਵਿਅਕਤੀ ਦੀ ਆਰਥਿਕ ਮਦਦ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਲੋਕ ਸੇਵਾ ਦਲ ਰਜਿ: ਵੱਲੋਂ ਹਲਕਾ ਦੀਨਾਨਗਰ ਦੇ ਪਿੰਡ ਕੌਂਟਾ ਦੇ ਲੋੜਵੰਦ ਵਿਅਕਤੀ ਪਰਮਜੀਤ ਸਿੰਘ ਦੀ ਰੁਪਏ 10,000 ਦੇ ਕੇ ਆਰਥਿਕ ਮਦਦ ਕੀਤੀ ਗਈ। ਲੋਕ ਸੇਵਾ ਦਲ ਦੇ ਪ੍ਰਧਾਨ ਸੁਖਵਿੰਦਰ ਸਿੰਘ ਪਾਹੜਾ ਨੇ ਦੱਸਿਆ ਕਿ ਪਰਿਵਾਰ ਵਲੋਂ ਪਿੰਡ ਦੇ ਸਰਪੰਚ ਤੋਂ ਤਸਦੀਕ ਕਰਵਾ ਕੇ ਜਥੇਬੰਦੀ ਨੂੰ ਦਰਖਾਸਤ ਕੀਤੀ ਗਈ ਕਿ ਮੋਟਰਸਾਇਕਲਾਂ ਦੀ ਸਿੱਧੀ ਟੱਕਰ ਕਾਰਨ ਉਸਦੇ ਹੰਸ ਦੀ ਹੱਡੀ ਕਰੈਕ ਅਤੇ ਮੂੰਹ ਦਾ ਜਬਾੜਾ ਹਿੱਲ ਗਿਆ ਅਤੇ ਪਤਨੀ ਜ਼ਖਮੀ ਹੋ ਗਈ ਸੀ। ਉਸ ਦਾ ਬੱਚਾ ਨੌਵੀਂ ਕਲਾਸ ਵਿਚ ਪੜ੍ਹਦਾ ਹੈ, ਘਰ ਵਿੱਚ ਕੋਈ ਵੀ ਕਮਾਉਣ ਵਾਲਾ ਨਹੀਂ ਹੈ। ਇਸ ਕਰਕੇ ਗੈਰ-ਸਿਆਸੀ ਜਥੇਬੰਦੀ ਲੋਕ ਸੇਵਾ ਦਲ ਦੇ ਮੈਂਬਰਾਂ ਨੇ ਆਰਥਿਕ ਸਹਾਇਤਾ ਕੀਤੀ। ਇਸ ਮੌਕੇ ਬਿਕਰਮਜੀਤ ਸਿੰਘ ਚੰਦਰਭਾਨ, ਕੁਲਦੀਪ ਸਿੰਘ ਫੌਜੀ, ਰਾਹੁਲ ਬਬੂਲ, ਬਲਜਿੰਦਰ ਸਿੰਘ ਲੋਹਗੜ੍ਹ, ਪਰਮਜੀਤ ਸਿੰਘ ਕੌਂਟਾ, ਮਹਿੰਦਰ ਸਿੰਘ ਛੀਨਾ, ਇੰਜ: ਗੁਰਨਾਮ ਸਿੰਘ ਸੈਣੀ, ਜੀਤ ਸਿੰਘ ਗਾਜ਼ੀਕੋਟ, ਗੁਲਸ਼ਨ ਕੁਮਾਰ ਮਹਿਰਾ, ਬਲਕਾਰ ਸਿੰਘ, ਇੰਜ: ਕਿਰਪਾਲ ਸਿੰਘ ਹਾਜ਼ਰ ਸਨ। ਲੋੜਵੰਦ ਪਰਿਵਾਰ ਵੱਲੋਂ ਜਥੇਬੰਦੀ ਦਾ ਧੰਨਵਾਦ ਕੀਤਾ ਗਿਆ।

ਈ ਟੀ ਓ ਨੇ ਨਵੇਂ ਬਣੇ ਸਮੂਹ ਬਲਾਕ ਪ੍ਰਧਾਨਾਂ ਨੂੰ ਦਿੱਤੀ ਵਧਾਈ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਆਮ ਆਦਮੀ ਪਾਰਟੀ ਵੱਲੋਂ ਹਲਕਾ ਜੰਡਿਆਲਾ ਵਿਖੇ ਨਿਯੁਕਤ ਕੀਤੇ ਗਏ ਨਵੇਂ ਬਲਾਕ ਪ੍ਰਧਾਨਾਂ ਨੂੰ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਵਧਾਈ ਦਿੰਦਿਆਂ ਆਸ ਪ੍ਰਗਟਾਈ ਕਿ ਇਹ ਨਵ-ਨਿਯੁਕਤ ਅਹੁਦੇਦਾਰ ਪਾਰਟੀ ਦੀ ਤਰੱਕੀ ਅਤੇ ਚੜ੍ਹਦੀ-ਕਲਾ ਲਈ ਮਿਹਨਤ, ਲਗਨ ਅਤੇ ਇਮਾਨਦਾਰੀ ਨਾਲ ਕਾਰਜਸ਼ੀਲ ਰਹਿਣਗੇ। ਉਨ੍ਹਾਂ ਕਿਹਾ ਕਿ ਇਹ ਨਵ-ਨਿਯੁਕਤ ਅਹੁਦੇਦਾਰ ਜ਼ਮੀਨੀ ਪੱਧਰ ਤੇ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ। ਇਨ੍ਹਾਂ ਨਵ-ਨਿਯੁਕਤ ਅਹੁਦੇਦਾਰ ਛਾਨਾਖ ਸਿੰਘ ਵਡਾਲਾ ਜੌਹਲ, ਸਵਰਨ ਸਿੰਘ, ਗਹਿਰੀ, ਸਰਬਜੀਤ ਸਿੰਘ ਡਿੰਪੀ, ਸੁਨੈਨਾ ਰੰਧਾਵਾ, ਸਤਿੰਦਰ ਸਿੰਘ ਕਿੱਲਾ ਜੀਵਨ ਸਿੰਘ, ਸੁਖਦੇਵ ਸਿੰਘ ਦਸਮੇਸ਼ ਨਗਰ, ਭੁਪਿੰਦਰ ਸਿੰਘ ਰੁਮਾਣਾ ਚੱਕ, ਜਰਮਨਜੀਤ ਸਿੰਘ ਉਦੋਂ ਨਗਲ, ਅਜੇ ਗਾਂਧੀ ਮਹਿਤਾ, ਇੰਜ. ਬਲਰਾਜ ਸਿੰਘ ਤਰਸਿੱਕਾ, ਗੁਰਜਿੰਦਰ ਸਿੰਘ ਕੁਆਟਵਿੰਡ, ਕੰਵਲਜੀਤ ਸਿੰਘ ਧਾਰੜ ਅਤੇ ਸੁਖਵਿੰਦਰ ਸਿੰਘ ਰਾਣਾ ਕਾਲਾ ਸ਼ਾਮਲ ਹਨ, ਨੂੰ ਸਨਮਾਨਿਤ ਕਰਦੇ ਕੈਬਨਿਟ ਮੰਤਰੀ ਨੇ ਕਿਹਾ ਕਿ ਲੋਕਾਂ ਦੇ ਦੁੱਖ ਦੂਰ ਕਰਨ ਅਤੇ ਪਾਰਟੀ ਦੇ ਉਸਾਰੂ ਪ੍ਰੋਗਰਾਮਾਂ ਨੂੰ ਘਰ ਘਰ ਪਹੁੰਚਾਉਣ ਦੀ ਵੱਡੀ ਲੋੜ ਹੈ ਅਤੇ ਤੁਸੀਂ ਸਾਰੇ ਪਾਰਟੀ ਦੇ ਸਿਪਾਹੀ ਬਣ ਕੇ ਇਹ ਕੰਮ ਕਰੋ।

ਗਾਜ਼ੀਕੋਟ ਤੋਂ ਪੰਡੋਰੀ ਸੜਕ ਕੰਢੇ ਉੱਗੀ ਜੰਗਲੀ ਘਾਹ ਬੂਟੀ ਕਾਰਨ ਹਾਦਸੇ ਵਾਪਰਨ ਦਾ ਖੌਫ

ਗੁਰਦਾਸਪੁਰ, (ਜਨਕ ਮਹਾਜਨ)-ਗੁਰਦਾਸਪੁਰ-ਪੰਡੋਰੀ ਰੋਡ ਸਥਿਤ ਪਿੰਡ ਗਾਜ਼ੀਕੋਟ ਤੋਂ ਪੰਡੋਰੀ ਤੱਕ ਸੜਕ ਕੰਡੇ ਜੰਗਲੀ ਘਾਹ ਭੰਗ ਬੂਟੀ ਆਦਿ ਉੱਗੀ ਹੋਣ ਨਾਲ ਸੜਕ ਦੀ ਚੌੜਾਈ ਘੱਟ ਹੋਣ ਕਰਕੇ ਇਥੋਂ ਦੋ ਵਾਹਨਾਂ ਦਾ ਆਹਮਣੇ-ਸਾਹਮਣੇ ਤੋਂ ਲੰਘਣਾ ਮੁਸ਼ਕਿਲ ਹੋ ਜਾਂਦਾ ਹੈ ਅਤੇ ਹਾਦਸੇ ਹੋਣ ਦਾ ਡਰ ਬਣਿਆ ਰਹਿੰਦਾ ਹੈ। ਜ਼ਿਕਰਯੋਗ ਹੈ ਕਿ ਸੜਕ ਕੰਢੇ ਲੰਬੀ ਲੰਬੀ ਘਾਹ ਬੂਟੀ ਆਦਿ ਉੱਗਣ ਨਾਲ ਰਾਤ ਦੇ ਹਨੇਰੇ ਵਿਚ ਕਈ ਜੰਗਲੀ ਜਾਨਵਰ ਸੜਕ 'ਤੇ ਆਉਣ ਨਾਲ ਹਾਦਸਾ ਵਾਪਰਨ ਕਾਰਨ ਕਿਸੇ ਵੇਲੇ ਵੀ ਕੋਈ ਜਾਨੀ ਮਾਲੀ ਨੁਕਸਾਨ ਹੋ ਸਕਦਾ ਹੈ। ਵਰਣਨਯੋਗ ਹੈ ਕਿ ਇਹ ਸੜਕ ਉੱਤਰ ਭਾਰਤ ਦੇ ਪ੍ਰਸਿੱਧ ਅਸਥਾਨ ਪੰਡੋਰੀ ਧਾਮ ਨੂੰ ਜਾਣ ਕਾਰਨ ਇਥੋਂ ਦਿਨ ਰਾਤ ਕਾਫ਼ੀ ਭੀੜ ਰਹਿੰਦੀ ਹੈ। ਇਲਾਕਾ ਵਾਸੀਆਂ ਦੀ ਜ਼ਿਲ੍ਹਾ ਪ੍ਰਸ਼ਾਸਨ ਤੇ ਸਬੰਧਿਤ ਵਿਭਾਗ ਪਾਸੋਂ ਮੰਗ ਕੀਤੀ ਕਿ ਸੜਕ 'ਤੇ ਉੱਗੀ ਜੰਗਲੀ ਘਾਹ ਤੇ ਭੰਗ ਬੂਟੀ ਆਦਿ ਨੂੰ ਪਹਿਲੇ ਦੇ ਆਧਾਰ 'ਤੇ ਕੱਟਿਆ ਜਾਵੇ ਤਾਂ ਜੋ ਸੜਕ ਦੀ ਚੌੜਾਈ ਵੀ ਵਧ ਸਕੇ ਤੇ ਆਹਮਣੇ-ਸਾਹਮਣੇ ਤੋਂ ਲੰਘਣ ਵੇਲੇ ਵਾਹਨਾਂ ਨੂੰ ਆਸਾਨੀ ਹੋ ਸਕੇ।

17ਜੀਡੀਪੀ01

ਪਾਰਟੀ ਦੇ ਭਰੋਸੇ 'ਤੇ ਖਰਾ ਉਤਰਨ ਦੀ ਪੂਰੀ ਵਾਹ ਲਾ ਦਿਆਂਗਾ : ਬਿੱਕਰ ਸਿੰਘ

**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼

18--Otc-PAGE- 12 qxd.qxd 10/17/2023 10:45 PM Page 1

ਸੀਚੇਵਾਲ ਨੇ ਪੰਜਾਬ ਦੇ ਪਾਣੀਆਂ ਦੇ ਮੁੱਦੇ ਮੁੱਖ ਮੰਤਰੀ ਨਾਲ ਵਿਚਾਰੇ

ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ, ਹਨੀ) ਰਾਜ ਸਭਾ ਮੈਂਬਰ ਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਮੁਲਾਕਾਤ ਕਰਕੇ ਸੂਬੇ ਦੇ ਭੱਖਦੇ ਮਸਲਿਆਂ ਨੂੰ ਵਿਚਾਰਰਿਆ। ਸੰਤ ਸੀਚੇਵਾਲ ਨੇ ਮੁੱਖ ਮੰਤਰੀ ਪੰਜਾਬ ਨਾਲ ਹੋਈ ਮੁਲਾਕਾਤ ਤੋਂ ਬਾਅਦ ਜਾਣਕਾਰੀ ਦਿੰਦਿਆ ਦੱਸਿਆ ਕਿ ਪੰਜਾਬ ਵਿੱਚ ਧਰਤੀ ਹੇਠਲਾ ਪਾਣੀ ਬਹੁਤ ਡੂੰਘਾ ਹੁੰਦਾ ਜਾ ਰਿਹਾ ਹੈ। ਸਤਲੁਜ ਦਰਿਆ ਬੁਰੀ ਤਰ੍ਹਾਂ ਪਲੀਤ ਹੋ ਗਿਆ ਹੈ। ਪਵਿੱਤਰ ਕਾਲੀ ਵੇਈਂ ਦਾ ਮਾਡਲ ਪੰਜਾਬ ਲਈ ਰਾਹ ਦਸੇਰਾ ਬਣ ਸਕਦਾ ਹੈ। ਸੰਤ ਸੀਚੇਵਾਲ ਨੇ ਦੱਸਿਆ ਕਿ ਪੰਜਾਬ ਵਿੱਚ ਬੜੀ ਤੇਜ਼ੀ ਨਾਲ ਧਰਤੀ ਹੇਠਲਾ ਪਾਣੀ ਡੂੰਘਾ ਹੁੰਦਾ ਜਾ ਰਿਹਾ ਹੈ ਤੇ ਇਸ ਦੇ ਹੱਲ ਲਈ ਚਿੱਟੀ ਵੇਈਂ ਵਿੱਚ ਸਾਫ਼ ਪਾਣੀ ਛੱਡਿਆ ਜਾਣਾ ਹੈ। ਇਸ ਕੰਮ ਲਈ ਬਿਸਤ ਦੋਆਬ ਨਹਿਰ ਵਿੱਚੋਂ 200 ਕਿਊਸਿਕ ਪਾਣੀ ਚਿੱਟੀ ਵੇਈਂ ਵਿੱਚ ਛੱਡਣ ਲਈ ਹੁਸ਼ਿਆਰਪੁਰ ਜਿਲ੍ਹੇ ਦੇ ਪਿੰਡ ਸਿੰਬਲੀ ਨੇੜੇ ਰੈਗੂਲੇਟਰ ਬਣਕੇ ਤਿਆਰ ਹੈ। ਇਹ ਰੈਗੂਲੇਟਰ ਬਣਾਉਣ ਲਈ ਉਨ੍ਹਾਂ ਨੇ ਆਪਣੇ ਐਮਪੀ ਫੰਡ ਵਿੱਚੋਂ 1 ਕਰੋੜ 19 ਲੱਖ ਤੋਂ ਵੱਧ ਦੀ ਗਰਾਂਟ ਦਿੱਤੀ ਸੀ। ਇਸ ਦਾ ਨੀਂਹ ਪੱਥਰ 8 ਮਈ ਨੂੰ ਮੁੱਖ ਮੰਤਰੀ ਪੰਜਾਬ ਨੇ ਹੀ ਰੱਖਿਆ ਸੀ ਤੇ ਹੁਣ ਉਨ੍ਹਾਂ ਕੋਲੋ ਹੀ ਇਸ ਦਾ ਉਦਘਾਟਨ ਕਰਵਾਇਆ ਜਾਣਾ ਹੈ ਤਾਂ ਜੋ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਉਚਾ ਚੁੱਕਣ ਦੀ ਸਾਰਥਿਕ ਸ਼ੁਰੂਆਤ ਹੋ ਸਕੇ।

ਸੰਤ ਬਲਬੀਰ ਸਿੰਘ ਸੀਚੇਵਾਲ ਨੇ ਦੱਸਿਆ ਕਿ ਪਾਣੀਆਂ ਨਾਲ ਸੰਬੰਧਤ ਜਿਹੜੇ ਮੁੱਦੇ ਇਸ ਮੁਲਾਕਾਤ ਦੌਰਾਨ ਵਿਚਾਰੇ ਗਏ ਉਨ੍ਹਾ 'ਚ ਹੜ੍ਹਾਂ ਦੌਰਾਨ ਹੋਈ ਭਾਰੀ ਤਬਾਹੀ ਦੌਰਾਨ ਦਾ ਮੁੱਦਾ ਵੀ ਸ਼ਾਮਲ ਸੀ। ਪੰਜਾਬ ਭਰ ਦੇ ਲੋਕਾਂ ਨੇ ਦੋ ਪਾੜ੍ਹ ਰਿਕਾਰਡ ਸਮੇਂ ਵਿੱਚ ਪੂਰ ਦਿੱਤੇ ਸਨ। ਉਨ੍ਹਾਂ ਬੰਨ੍ਹਾਂ ਦੀ ਮਜ਼ਬੂਤੀ ਲਈ ਅਜੇ ਵੀ ਕੰਮ ਚੱਲ ਰਿਹਾ ਹੈ। ਉਥੇ ਕਰਵਾਏ ਜਾਣ ਵਾਲੇ ਸਮਾਗਮ 'ਚ ਮੁੱਖ ਮੰਤਰੀ ਪੰਜਾਬ ਨੂੰ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਹੈ।

ਇਸ ਤੋਂ ਇਲਾਵਾ ਮੁਲਾਕਾਤ ਦੌਰਾਨ ਪਵਿੱਤਰ ਵੇਈ ਦੇ ਅਧੂਰੇ ਰਹਿੰਦੇ ਕਾਰਜਾਂ ਬਾਰੇ, ਸੁਲਤਾਨਪੁਰ ਲੋਧੀ ਵਿੱਚ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 554ਵੇਂ ਪ੍ਰਕਾਸ਼ ਪੁਰਬ ਮਨਾਉਣ ਦੀਆਂ ਤਿਆਰੀਆਂ ਲਈ ਲੋੜੀਂਦੇ ਪ੍ਰਬੰਧ ਕਰਨ, ਬੁੱਢੇ ਦਰਿਆ ਦੀ ਪੁਰਾਤਨ ਸ਼ਾਨ ਬਹਾਲ ਕਰਨ, ਸੁਲਤਾਨਪੁਰ ਲੋਧੀ ਨੂੰ ਮਾਡਲ ਕਸਬਾ ਬਣਾਉਣ, ਸੋਲਰ ਸਿਟੀ ਬਣਾਉਣ, ਗਿੱਦੜਪਿੰਡੀ ਤੋਂ ਫਿਲੌਰ ਤੱਕ ਸਤਲੁਜ ਦਰਿਆ ਦੇ ਧੁੱਸੀ ਬੰਨ੍ਹ 'ਤੇ ਪੱਕੀ ਸੜਕ ਬਣਾਉਣ ਸੰਬੰਧੀ ਚਰਚਾ ਕੀਤੀ ਗਈ।

ਕੇਂਦਰੀ ਪੰਜਾਬੀ ਲੇਖਕ ਸਭਾ ਕਰੇਗੀ ਆਲਮੀ ਪੰਜਾਬੀ ਕਾਨਫਰੰਸ ਦੀ ਮੇਜ਼ਬਾਨੀ

ਜਲੰਧਰ (ਕੇਸਰ)-ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੀ ਕਾਰਜਕਾਰਨੀ ਦੀ ਇਕੱਤਰਤਾ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਦੀ ਪ੍ਰਧਾਨਗੀ ਹੇਠ ਹੋਈ, ਜਿਸ 'ਚ ਬੀਤੇ ਦਿਨ ਵਿਛੋੜਾ ਦੇ ਗਏ ਕੇਂਦਰੀ ਸਭਾ ਦੇ ਸਾਬਕਾ ਪ੍ਰਧਾਨ ਪ੍ਰੋ. ਅਨੂਪ ਵਿਰਕ ਨੂੰ ਹਾਜ਼ਰ ਸਾਹਿਤਕਾਰਾਂ ਵੱਲੋਂ ਮੌਨ ਧਾਰਨ ਕਰਕੇ ਅਕੀਦਤ ਦੇ ਫੁੱਲ ਭੇਟ ਕੀਤੇ ਗਏ। ਦਰਸ਼ਨ ਬੁੱਟਰ ਦੇ ਸਵਾਗਤੀ ਸ਼ਬਦਾਂ ਨਾਲ ਸ਼ੁਰੂ ਹੋਈ ਕਾਰਜਕਾਰਨੀ ਦੀ ਮੀਟਿੰਗ 'ਚ ਕਥਾਕਾਰ ਦੀਪ ਦੇਵਿੰਦਰ ਸਿੰਘ ਨੇ ਕੇਂਦਰੀ ਸਭਾ ਦੇ ਜਥੇਬੰਦਕ ਅਤੇ ਅਕਾਦਮਿਕ ਕੰਮਕਾਜ, ਪੰਜਾਬ ਅਤੇ ਪੰਜਾਬੋਂ ਬਾਹਰ ਜੋਨ ਸਥਾਪਿਤ ਕਰਕੇ ਅਹੁਦੇਦਾਰਾਂ ਨੂੰ ਜਿੰਮੇਵਾਰੀ ਸੌਂਪਣੀ, ਆਲਮੀ ਪੰਜਾਬੀ ਕਾਨਫਰੰਸ ਦੀ ਤਿਆਰੀ, ਲੇਖਕ ਸੂਚੀ ਅਤੇ ਲੇਖਕ ਅੰਕ ਦੀ ਸੋਧ ਸੁਧਾਈ ਆਦਿ ਏਜੰਡੇ ਪੇਸ਼ ਕੀਤੇ। ਜਿਹਨਾਂ 'ਤੇ ਚਰਚਾ ਕਰਦਿਆਂ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਡਾ. ਹਰਜਿੰਦਰ ਸਿੰਘ ਅਟਵਾਲ, ਮਖਣ ਕੁਹਾੜ ਅਤੇ ਡਾ. ਕਰਮਜੀਤ ਸਿੰਘ ਨੇ ਕਿਹਾ ਕਿ ਖੇਤਰੀ ਭਾਸ਼ਾਵਾਂ ਨੂੰ ਦਰਪੇਸ਼ ਚੁਣੌਤੀਆਂ ਤੇ ਖਾਸ ਕਰਕੇ ਮਾਤ ਭਾਸ਼ਾ ਪੰਜਾਬੀ 'ਤੇ ਚੁਫੇਰਿਉਂ ਹੋ ਰਹੇ ਹਮਲਿਆਂ ਨੂੰ ਠੱਲ੍ਹ ਪਾਉਣ ਲਈ ਕੇਂਦਰੀ ਸਭਾ ਆਲਮੀ ਪੰਜਾਬੀ ਕਾਨਫਰੰਸ ਕਰਵਾਉਣ ਲਈ ਪਹਿਲ ਕਦਮੀ ਕਰੇ। ਸਭਾ ਵੱਲੋਂ ਭਾਸ਼ਾ ਕਾਨਫਰੰਸ ਫਰਵਰੀ ਮਾਰਚ 'ਚ ਕਰਵਾਉਣ ਦਾ ਫੈਸਲਾ ਕੀਤਾ ਗਿਆ। ਸੁਰਿੰਦਰਪ੍ਰੀਤ ਘਣੀਆਂ, ਗੁਰਭੇਜ ਸਿੰਘ ਗੁਰਾਇਆ, ਭੁਪਿੰਦਰ ਕੌਰ ਪ੍ਰੀਤ, ਡਾ. ਉਮਿੰਦਰ ਜੌਹਲ ਅਤੇ ਡਾ. ਸ਼ਿੰਦਰਪਾਲ ਸਿੰਘ ਨੇ ਕਿਹਾ ਕਿ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਸਾਰੀਆਂ ਰਾਜਨੀਤਕ ਪਾਰਟੀਆਂ ਤੱਕ ਪਹੁੰਚ ਕਰਕੇ ਉਹਨਾਂ ਨੂੰ ਮਾਤ ਭਾਸ਼ਾ ਪ੍ਰਤੀ ਨੀਤ ਅਤੇ ਨੀਤੀ ਸਪੱਸ਼ਟ ਕਰਨ ਲਈ ਕਿਹਾ ਜਾਵੇ ਅਤੇ ਉਹਨਾਂ ਦਾ ਜਵਾਬ ਜਨਤਕ ਕੀਤਾ ਜਾਵੇ। ਮਨਜੀਤ ਇੰਦਰਾ, ਸ਼ੈਲਿੰਦਰਜੀਤ ਰਾਜਨ, ਗੁਰਪ੍ਰੀਤ ਰੰਗੀਲਪੁਰ, ਮਦਨ ਵੀਰਾ, ਮੂਲ ਚੰਦ ਸ਼ਰਮਾ ਅਤੇ ਦੀਪਕ ਸ਼ਰਮਾ ਚਨਾਰਥਲ ਅਤੇ ਵਿਸ਼ਾਲ ਬਿਆਸ ਆਦਿ ਵੱਲੋਂ ਦਿੱਤੇ ਸੁਝਾਅ ਕਿ ਕੇਂਦਰੀ ਨਾਲ ਜੁੜੀਆਂ ਸਾਹਿਤ ਸਭਾਵਾਂ ਨੂੰ ਉਤਸ਼ਾਹਿਤ ਕਰਨ ਹਿੱਤ ਪੰਜਾਬ ਅਤੇ ਪੰਜਾਬੋਂ ਬਾਹਰ ਜੋਨ ਸਥਾਪਿਤ ਕੀਤੇ ਗਏ ਹਰ ਜੋਨ ਤੇ ਕੇਂਦਰੀ ਦੇ ਸਥਾਨਕ ਅਹੁਦੇਦਾਰ ਅਤੇ ਕਾਰਜਕਾਰਨੀ ਮੈਂਬਰਾਂ ਨੂੰ ਜਿੰਮਾਵਾਰੀਆ ਸੌਂਪੀਆਂ ਗਈਆਂ। ਕੇਂਦਰੀ ਸਭਾ ਦੇ ਬੁਲਾਰੇ ਪੰਜਾਬੀ ਲੇਖਕ ਦੇ ਸੰਪਾਦਕੀ ਬੋਰਡ ਦਾ ਗਠਨ, ਸੰਵਿਧਾਨ ਸੋਧ ਕਮੇਟੀ ਅਤੇ ਕੇਂਦਰੀ ਦੀਆਂ ਮਹਿਲਾ ਅਹੁਦੇਦਾਰਾਂ ਨੂੰ ਔਰਤਾਂ ਨਾਲ ਸਬੰਧਤ ਸਰਗਰਮੀਆਂ ਆਦਿ ਕਰਵਾਉਣ ਹਿੱਤ ਜਿੰਮੇਵਾਰੀ ਵੀ ਸੌਂਪੀ ਗਈ। ਇਸ ਇਕੱਤਰਤਾ 'ਚ ਹੋਰਨਾਂ ਤੋਂ ਇਲਾਵਾ ਰਜਿੰਦਰ ਸਿੰਘ ਰਾਜਨ, ਬਲਵਿੰਦਰ ਸੰਧੂ, ਅਮਰਜੀਤ ਸਿੰਘ ਜੀਤ, ਗੁਰਬਿੰਦਰ ਸਿੰਘ ਮਾਣਕ, ਡਾ. ਹਰਪ੍ਰੀਤ ਸਿੰਘ ਰਾਣਾ, ਯਤਿੰਦਰ ਕੌਰ ਮਾਹਲ, ਮਨਜੀਤ ਸਿੰਘ ਵਸੀ, ਡਾ. ਪਰਮਜੀਤ ਸਿੰਘ ਬਾਠ, ਡਾ. ਜਸਵੰਤ ਰਾਏ, ਗੁਰਮੀਤ ਸਿੰਘ ਸਰਾਂ, ਗੁਰਮੀਤ ਸਿੰਘ ਬਾਜਵਾ, ਰਿਸ਼ੀ ਹਿਰਦੇ ਪਾਲ, ਸੁਰਿੰਦਰਜੀਤ ਚੌਹਾਨ, ਡਾ. ਦੇਵਿੰਦਰ ਸੈਂਫੀ ਅਤੇ ਗੁਰਸੇਵਕ ਸਿੰਘ ਢਿੱਲੋਂ ਆਦਿ ਹਾਜ਼ਰ ਸਨ।

ਸਹੋਦਿਆ ਅੰਤਰ ਸਕੂਲ ਮੁਕਾਬਲੇ 'ਚ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦਾ ਸ਼ਾਨਦਾਰ ਪ੍ਰਦਰਸ਼ਨ

ਸੁਲਤਾਨਪੁਰ ਲੋਧੀ, (ਹਨੀ) ਸੈਕਰਡ ਹਾਰਟ ਸਕੂਲ ਕਪੂਰਥਲਾ ਵਿਖੇ ਕਰਵਾਏ ਗਏ ਸਹੋਦਿਆ ਅੰਤਰ ਸਕੂਲ ਨੈਚਰਲ ਡਰਾਈ ਫਲਾਵਰਸ ਅਰੈਂਜਮੈਂਟ ਮੁਕਾਬਲੇ ਵਿੱਚ ਹਿੱਸਾ ਲੈਂਦਿਆਂ ਸ਼੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸੁਲਤਾਨਪੁਰ ਲੋਧੀ ਦੇ ਵਿਦਿਆਰਥੀਆਂ ਦੁਆਰਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ। ਪ੍ਰਿੰਸੀਪਲ ਰੇਨੂੰ ਅਰੋੜਾ ਨੇ ਦੱਸਿਆ ਕਿ ਪ੍ਰਤੀਯੋਗਤਾ ਵਿਚ 16 ਸਹੋਦਿਆ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ । ਉਨ੍ਹਾਂ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ ਉਨ੍ਹਾਂ ਦੇ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦੇ ਵਿਦਿਆਰਥੀਆਂ ਸੁਖਮਨਪ੍ਰੀਤ ਸਿੰਘ ਅਤੇ ਜਸ਼ਨਪ੍ਰੀਤ ਕੌਰ ਜਮਾਤ ਅੱਠਵੀਂ ਨੇ ਬਿਹਤਰੀਨ ਢੰਗ ਨਾਲ ਡਰਾਈ ਫਲਾਵਰਸ ਅਰੈਂਜਮੈਂਟ ਨਾਲ ਐਪਰੀਸੇਸ਼ਨ ਅਵਾਰਡ ਹਾਸਲ ਕੀਤਾ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜ: ਸਵਰਨ ਸਿੰਘ ਪ੍ਰਧਾਨ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਡਾਇਰੈਕਟਰ ਸਕੂਲ ਇੰਜ : ਹਰਨਿਆਮਤ ਕੌਰ ਅਤੇ ਪ੍ਰਸ਼ਾਸਕ ਇੰਜ: ਨਿਮਰਤਾ ਕੌਰ ਨੇ ਵਿਦਿਆਰਥੀਆਂ ਨੂੰ ਇਸ ਸ਼ਾਨਦਾਰ ਪ੍ਰਦਰਸ਼ਨ ਲਈ ਵਧਾਈ ਦਿੱਤੀ ।

ਕ੍ਰਿਸ਼ੀ ਵਿਗਿਆਨ ਕੇਂਦਰ ਨੇ ਟੋਡਰਪੁਰ ਵਿਖੇ ਲਗਾਇਆ ਜਾਗਰੂਕਤਾ ਕੈਂਪ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਜ਼ਿਲ੍ਹਾ ਪੱਧਰੀ ਪਸਾਰ ਅਦਾਰੇ, ਕ੍ਰਿਸ਼ੀ ਵਿਗਿਆਨ ਕੇਂਦਰ, ਬਾਹੋਵਾਲ, ਹੁਸ਼ਿਆਰਪੁਰ ਵੱਲੋਂ ਪਰਾਲੀ ਪ੍ਰਬੰਧਨ ਚੇਤਨਾ ਯਾਤਰਾ ਮੁਹਿੰਮ ਤਹਿਤ ਬਲਾਕ ਪੱਧਰੀ ਜਾਗਰੂਕਤਾ ਕੈਂਪ ਦਾ ਆਯੋਜਨ ਪਿੰਡ ਟੋਡਰਪੁਰ ਵਿਖੇ ਕੀਤਾ ਗਿਆ। ਇਸ ਕੈਂਪ ਵਿਚ ਟੋਡਰਪੁਰ ਅਤੇ ਨੇੜਲੇ ਪਿੰਡ ਪੰਜੌੜ, ਪੰਡੋਰੀ ਗੰਗਾ ਸਿੰਘ, ਪਚਨੰਗਲ ਤੇ ਨਡਾਲੋਂ ਤੋਂ ਵੱਡੀ ਗਿਣਤੀ ਵਿਚ ਕਿਸਾਨਾਂ ਨੇ ਸ਼ਿਰਕਤ ਕੀਤੀ।

ਇਲਾਕੇ ਦੇ ਅਗਾਂਹਵਧੂ ਕਿਸਾਨਾਂ ਨਾਲ ਰੂਬਰੂ ਹੁੰਦਿਆਂ ਸਹਿਯੋਗੀ ਨਿਰਦੇਸ਼ਕ (ਸਿਖਲਾਈ), ਕ੍ਰਿਸ਼ੀ ਵਿਗਿਆਨ ਕੇਂਦਰ, ਹੁਸ਼ਿਆਰਪੁਰ ਡਾ. ਮਨਿੰਦਰ ਸਿੰਘ ਬੌਂਸ ਨੇ ਕੇਂਦਰ ਦੀਆਂ ਪਸਾਰ ਗਤੀਵਿਧੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਸਮੂਹ ਕਿਸਾਨਾਂ ਦੀ ਸ਼ਲਾਘਾ ਕੀਤੀ, ਜਿਨ੍ਹਾਂ ਨੇ ਪਿਛਲੇ ਸਾਲਾਂ ਦੌਰਾਨ ਪਰਾਲੀ ਪ੍ਰਬੰਧਨ ਨੂੰ ਬਾਖੂਬੀ ਅਪਣਾਇਆ ਸੀ ਅਤੇ ਉਨ੍ਹਾਂ ਹਾਜ਼ਰ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਾਉਣ ਦੇ ਇਸ ਪਵਿੱਤਰ ਕਾਰਜ ਨੂੰ ਹੋਰ ਮਜ਼ਬੂਤੀ ਨਾਲ ਮੁਹਿੰਮ ਰੂਪ ਵਿਚ ਅੱਗੇ ਤੋਰਨ ਲਈ ਵੀ ਪ੍ਰੇਰਿਤ ਕੀਤਾ। ਡਾ. ਬੌਂਸ ਨੇ ਕੁਦਰਤੀ ਸੋਮਿਆਂ ਦੀ ਸਾਂਭ-ਸੰਭਾਲ ਅਤੇ ਫਸਲੀ ਰਹਿੰਦ-ਖੂੰਹਦ ਦੀ ਸੁਚੱਜੀ ਵਰਤੋਂ ਕਰਕੇ ਵਾਤਾਵਰਣ ਪੱਖੀ ਤਕਨੀਕਾਂ ਅਪਨਾਉਣ ਲਈ ਵੀ ਕਿਸਾਨਾਂ ਨੂੰ ਪ੍ਰੇਰਿਤ ਕੀਤਾ। ਡਾ. ਬੌਂਸ ਨੇ ਦੱਸਿਆ ਕਿ ਪਿੰਡ ਟੋਡਰਪੁਰ ਨੂੰ ਇਸ ਕੇਂਦਰ ਵੱਲੋਂ ਸਾਲ 2018-19 ਦੌਰਾਨ ਪਰਾਲੀ ਪ੍ਰਬੰਧਨ ਪ੍ਰੋਜੈਕਟ ਅਧੀਨ ਅਪਣਾਇਆ ਗਿਆ ਸੀ ਅਤੇ ਉਸ ਤੋਂ ਬਾਅਦ ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਵੱਖ-ਵੱਖ ਗਤੀਵਿਧੀਆਂ ਉਲੀਕੀਆਂ ਗਈਆਂ ਸਨ, ਖਾਸਕਰ ਪਰਾਲੀ ਪ੍ਰਬੰਧਨ ਬਾਬਤ।ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਮਿਲੀ ਸੇਧ ਨੂੰ ਮੁੱਖ ਰੱਖਦੇ ਹੋਏ ਇਸ ਪਿੰਡ ਦੇ ਕਿਸਾਨਾਂ ਨੇ ਝੋਨੇ ਦੀ ਪਰਾਲੀ ਦੇ ਪ੍ਰਬੰਧ ਲਈ ਵੱਖ-ਵੱਖ ਢੰਗਾਂ ਦੀ ਵਰਤੋਂ ਕੀਤੀ, ਜਿਵੇਂਕਿ ਹੈਪੀ ਸੀਡਰ ਤੇ ਸੁਪਰ ਸੀਡਰ ਰਾਂਹੀ ਝੋਨੇ ਦੀ ਪਰਾਲੀ ਨੂੰ ਖੇਤ ਵਿਚ ਹੀ ਮਿਲਾਉਣਾ।

ਇਸੇ ਤਰਾਂ ਇਲਾਕੇ ਵਿਚ ਮੌਜੂਦ 6 ਬੇਲਰਾਂ ਦੀ ਵਰਤੋਂ ਵੱਡੇ ਪੱਧਰ ਤੇ ਕਰਕੇ ਅਤੇ ਗੁੱਜਰਾਂ ਦੁਆਰਾ ਪਰਾਲੀ ਨੂੰ ਪਸ਼ੂਆਂ ਦੇ ਚਾਰੇ ਲਈ ਵਰਤੋਂ ਰਾਹੀਂ ਵੀ ਇਸ ਮੁਹਿਮ ਵਿਚ ਅਹਿਮ ਯੋਗਦਾਨ ਪਾਇਆ ਗਿਆ। ਇਸ ਪਿੰਡ ਦੇ ਕਿਸਾਨਾਂ ਨੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਤੋਂ ਸਬਸਿਡੀ ਪ੍ਰਾਪਤ ਕਰਕੇ ਪੰਜ ਫਾਰਮ ਮਸ਼ੀਨਰੀ ਬੈਂਕ ਵੀ ਬਣਾਏ, ਜਿਸਦੇ ਤਹਿਤ ਵੱਖ-ਵੱਖ ਪਰਾਲੀ ਪ੍ਰਬੰਧਨ ਮਸ਼ੀਨਾਂ ਦੀ ਖਰੀਦ ਕੀਤੀ ਗਈ, ਜਿਸ ਨਾਲ ਪਰਾਲੀ ਨੂੰ ਅੱਗ ਲਗਾਉਣ ਦੇ ਰੁਝਾਨ ਵਿਚ ਕਮੀ ਆਈ। ਉਨ੍ਹਾਂ ਦੱਸਿਆ ਕਿ ਪਿੰਡ ਟੋਡਰਪੁਰ ਨੂੰ ਸਰਬੋਤਮ ਪਿੰਡ ਪੁਰਸਕਾਰ ਨਾਲ ਵੀ ਨਿਵਾਜਿਆ ਜਾ ਚੁੱਕਾ ਹੈ।

ਇਸ ਮੌਕੇ ਡਾ. ਅਜੈਬ ਸਿੰਘ, ਸਹਾਇਕ ਪ੍ਰੋਫੈਸਰ (ਐਗਰੀਕਲਚਰਲ ਇੰਜੀਨੀਅਰਿੰਗ) ਨੇ ਦੱਸਿਆ ਕਿ ਪਰਾਲੀ ਸੰਭਾਲਣਾ ਅਜੋਕੇ ਸਮੇਂ ਦੀ ਸਭ ਤੋਂ ਜਰੂਰੀ ਲੋੜ ਹੈ। ਉਨ੍ਹਾਂ ਵਿਸਥਾਰ ਨਾਲ ਪਰਾਲੀ ਪ੍ਰਬੰਧਨ ਸਬੰਧੀ ਮਸ਼ੀਨਰੀ ਅਤੇ ਤਕਨੀਕਾਂ ਬਾਬਤ ਜਾਣਕਾਰੀ ਸਾਂਝੀ ਕੀਤੀ ਅਤੇ ਪਰਾਲੀ ਦੀ ਊਰਜਾ ਵਜੋਂ, ਪਸ਼ੂਆਂ ਲਈ ਚਾਰੇ ਬਾਬਤ, ਬਾਇਉ ਗੈਸ ਪਲਾਂਟ ਵਿੱਚ, ਖੁੰਬ ਉਤਪਾਦਨ ਲਈ ਅਤੇ ਗੱਤਾ ਉਦਯੋਗ ਵਿੱਚ ਵਰਤੋਂ ਬਾਰੇ ਵੀ ਚਾਨਣਾ ਪਾਇਆ। ਡਾ. ਅਜੈਬ ਨੇ ਦੱਸਿਆ ਕਿ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਮਸ਼ੀਨਰੀ ਸਬਸਿਡੀ 'ਤੇ ਵੀ ਉਪਲਬਧੱਧ ਕਰਵਾਈ ਜਾ ਰਹੀ ਹੈ ਅਤੇ ਕਿਹਾ ਕਿ ਇਸ ਮਸ਼ੀਨਰੀ ਦੀ ਸੁਚੱਜੀ ਅਤੇ ਮੁਕੰਮਲ ਵਰਤੋਂ ਯਕੀਨੀ ਹੋਣੀ ਚਾਹੀਦੀ ਹੈ। ਸਬਜ਼ੀ ਵਿਗਿਆਨੀ, ਸਬਜ਼ੀ ਖੋਜ ਫਾਰਮ, ਖਨੌੜਾ ਡਾ. ਨਵਜੋਤ ਸਿੰਘ ਬਰਾੜ ਨੇ ਸਬਜ਼ੀਆਂ ਦੀ ਸਫਲ ਕਾਸ਼ਤ ਬਾਰੇ ਨੁਕਤੇ ਸਾਂਝੇ ਕੀਤੇ। ਉਨ੍ਹਾਂ ਨੇ ਕਿਸਾਨਾਂ ਨੂੰ ਆਲੂ ਦੇ ਬੀਜ ਉਤਪਾਦਨ ਲਈ ਪ੍ਰੇਰਿਤ ਕੀਤਾ ਅਤੇ ਦੱਸਿਆ ਕਿ ਇਸ ਤੋਂ ਕਿਸ ਤਰ੍ਹਾਂ ਮੁਨਾਫ਼ਾ ਲਿਆ ਜਾ ਸਕਦਾ ਹੈ। ਡਾ. ਬਰਾੜ ਨੇ ਫਸਲਾਂ, ਖਾਸਕਰ ਸਬਜ਼ੀਆਂ ਦੇ ਮੰਡੀਕਰਣ ਵਿਚ ਕਿਸਾਨ ਉਤਪਾਦਕ ਸੰਸਥਾਵਾਂ ਦੀ ਭੂਮਿਕਾ ਬਾਬਤ ਵੀ ਚਾਨਣਾ ਪਾਇਆ। ਕਿਸਾਨਾਂ ਦੀ ਸਹੂਲਤ ਲਈ ਹਾੜ੍ਹੀ ਦੇ ਫਸਲਾਂ ਦਾ ਬੀਜ (ਗੋਭੀ ਸਰ੍ਹੋਂ, ਬਰਸੀਮ, ਪਿਆਜ ਤੇ ਤਾਰਾਮੀਰਾ), ਚਾਰੇ ਦੀਆਂ ਕਿੱਟਾਂ, ਕਣਕ ਲਈ ਜੀਵਾਣੂ ਖਾਦ ਦਾ ਟੀਕਾ, ਪਸ਼ੂਆਂ ਲਈ ਧਾਤਾਂ ਦਾ ਚੂਰਾ ਅਤੇ ਖੇਤੀ ਸਾਹਿਤ ਵੀ ਉਪਲੱਬਧ ਕਰਵਾਇਆ ਗਿਆ। ਕੈਂਪ ਵਿਚ ਸੰਦੀਪ ਸਿੰਘ, ਸੁਖਵਿੰਦਰ ਸਿੰਘ, ਪ੍ਰਦੀਪ ਸਿੰਘ, ਜਗਤਾਰ ਸਿੰਘ, ਅੰਮ੍ਰਿਤ ਸਿੰਘ, ਅਜੈਬ ਸਿੰਘ, ਬਹਾਦਰ ਸਿੰਘ, ਸਤਨਾਮ ਸਿੰਘ, ਗੁਰਪ੍ਰੀਤ ਸਿੰਘ, ਪਿੰਡ ਪੰਡੋਰੀ ਗੰਗਾ ਸਿੰਘ ਤੋਂ ਸੰਦੀਪ ਸਿੰਘ, ਕੁਲਵਰਨ ਸਿੰਘ, ਗੁਰਪ੍ਰੀਤ ਸਿੰਘ ਅਤੇ ਸੰਜੀਵ ਕੁਮਾਰ ਮੌਜੂਦ ਸਨ।